ਅਨੁਪੂਰਕ ਸੂਚੀ

# ਪੰਜਾਬ ਵਿਧਾਨ ਸਭਾ ਸਕੱਤਰੇਤ

ਸ਼ੁੱਕਰਵਾਰ, ਮਿਤੀ 20 ਅਕਤੂਬਰ, 2023

ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਬੈਠਕ ਲਈ ਬਿਨਾਂ ਨਿਸ਼ਾਨ

(ਨਿਸ਼ਾਨ ਵਾਲੇ ਪ੍ਰਸ਼ਨਾਂ ਤੋਂ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨਾਂ ਵਿਚ ਤਬਦੀਲ ਕੀਤੇ ਗਏ)

ਪ੍ਰਸ਼ਨਾਂ ਦੀ ਸੂਚੀ

———

## ਬਹਿਬਲ ਕਲਾਂ ਗੋਲੀ ਕਾਂਡ ਵਿੱਚ ਦੋਸ਼ੀ ਪਾਏ ਗਏ ਵਿਅਕਤੀਆਂ

ਖਿਲਾਫ ਕਾਰਵਾਈ

***344. (ਸੀ.ਯੂ) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪੰਕਜ ਬਾਂਸਲ ਜਿਸਦਾ ਨਾਮ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਦੋਸ਼ੀ ਦੇ ਤੌਰ ਤੇ ਆਇਆ ਸੀ, ਉਸਦਾ ਪਿਛੋਕੜ ਕੀ ਹੈ, ਕੀ ਦੋਸ਼ੀ ਹੁਣ ਜੇਲ੍ਹ ਵਿੱਚ ਹੈ ਜਾਂ ਜਮਾਨਤ ਤੇ ਹੈ; ਇਸ ਕੇਸ ਦੀ ਮੌਜੂਦਾ ਸਥਿਤੀ ਕੀ ਹੈ;

ਅ) ਡੁਪਲਾ ਗੈਂਗ ਨਾਲ ਸਬੰਧਤ ਐਫ.ਆਈ.ਆਰ ਨੰ. 246, ਮਿਤੀ 18.10.2014, ਪੁਲਿਸ ਥਾਣਾ ਫਰੀਦਕੋਟ ਵਿੱਚ ਵਰਣਿਤ ਅਸਲੇ ਅਤੇ ਹਥਿਆਰ ਅਤੇ ਇਸਦੇ (ਪੰਕਜ ਬਾਂਸਲ) ਅਸਲਾ ਲਾਇਸੈਂਸ ਨਾਲ ਸਬੰਧਤ ਵਿਵਾਦ ਕੀ ਹੈ;

ੲ) ਔਰਬਿਟ ਬਸ ਕੇਸ ਦੇ ਸਮਝੌਤੇ ਵਿੱਚ ਪੰਕਜ ਬਾਂਸਲ ਦੀ ਕੀ ਭੂਮਿਕਾ ਹੈ ਜਿਸ ਵਿੱਚ ਇੱਕ ਗਰੀਬ ਪਰਿਵਾਰ ਦੀ ਨਾਬਾਲਗ ਲੜਕੀ ਦੀ ਮੌਤ ਹੋ ਗਈ ਸੀ, ਜਿਸ ਨੇ ਛੇੜਛਾੜ ਜਾਂ ਬਲਤਕਾਰ ਦੀ ਕੋਸ਼ਿਸ ਕਰਨ ਦੌਰਾਨ ਬੱਸ ਤੋਂ ਛਾਲ ਮਾਰ ਦਿੱਤੀ ਸੀ, (ਐਫ.ਆਈ.ਆਰ ਨੰ. 62, ਮਿਤੀ 30.04.2015 ਯੂ. ਐਸ 307,302,354,34 ਆਈ. ਪੀ. ਸੀ, ਪੀ. ਐਸ ਬਾਘਾ ਪੁਰਾਣਾ);

ਸ) ਐਫ.ਆਈ.ਆਰ ਨੰ. 62, ਮਿਤੀ 30.04.2015 ਯੂ. ਐਸ 307,302,354,34 ਆਈ. ਪੀ. ਸੀ. ਪੀ. ਐਸ ਬਾਘਾ ਪੁਰਾਣਾ ਦੀ ਸਥਿਤੀ/ਅੰਤਿਮ ਸਿੱਟਾ ਕੀ ਹੈ; ਜੇਕਰ ਕੋਈ ਹੋਵੇ, ਵੇਰਵੇ ਸਹਿਤ ਦੱਸਿਆ ਜਾਵੇ?

———

## ਮੁਖਤਿਆਰ ਅੰਸਾਰੀ ਖਿਲਾਫ ਹੋਏ ਕੇਸਾਂ ਦੀ ਕਾਰਵਾਈ ਦੇ ਵੇਰਵੇ

***345. (ਸੀ.ਯੂ) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਮੁਖਤਿਆਰ ਅੰਸਾਰੀ ਨੂੰ ਕਿਸ ਮਿਤੀ ਤੋਂ ਕਿਸ ਮਿਤੀ ਤੱਕ ਪੰਜਾਬ ਦੀਆਂ ਕਿਹੜੀਆਂ–ਕਿਹੜੀਆਂ ਜੇਲ੍ਹਾਂ ਵਿੱਚ ਰੱਖਿਆ ਗਿਆ ਸੀ; ਉਸਨੂੰ ਯੂ. ਪੀ ਤੋਂ ਪੰਜਾਬ ਲਿਆਉਣ ਲਈ ਮਜਬੂਰ ਕਰਨ ਵਾਲੇ ਹਾਲਾਤਾਂ ਦਾ ਵੇਰਵਾ ਕੀ ਹੈ; ਉਸਦੇ ਖਿਲਾਫ ਵੱਖ–ਵੱਖ ਕੇਸ ਦਰਜ ਹਨ, ਜਿਹਨ੍ਹਾਂ ਵਿੱਚ ਉਸਨੂੰ ਪੰਜਾਬ ਪੁਲਿਸ ਦੁਆਰਾ ਗ੍ਰਿਫਤਾਰ ਕੀਤਾ ਗਿਆ ਸੀ ਦੀ ਤਾਜਾ ਸਥਿਤੀ ਦਾ ਵੇਰਵਾ ਦਿੱਤਾ ਜਾਵੇ;

ਅ) ਕਿਨ੍ਹਾਂ ਹਾਲਾਤਾਂ ਵਿੱਚ ਮੁਖਤਿਆਰ ਅੰਸਾਰੀ ਨੂੰ ਪੰਜਾਬ ਦੀ ਜੇਲ੍ਹ ਵਿੱਚ ਰੱਖਣ ਲਈ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕਨੂੰਨੀ ਲੜਾਈ ਲੜੀ;

ੲ) ਸੁਪਰੀਮ ਕੋਰਟ ਵਿੱਚ ਮੁਕਦਮਾ ਲੜਨ ਦੀ ਕੁੱਲ ਕਿੰਨੀ ਫੀਸ ਹੈ; ਇਸ ਸਬੰਧੀ ਬਿਲ ਅਤੇ ਵਾਉਚਰ ਸਮੇਤ ਵੇਰਵੇ ਦਿੱਤੇ ਜਾਣ;

ਸ) ਮੁਖਤਿਆਰ ਅੰਸਾਰੀ ਦੇ ਪੰਜਾਬ ਵਿੱਚ ਠਹਿਰਣ ਦੇ ਸਮੇਂ ਦੇ ਦੌਰਾਨ ਕਿਹੜੇ ਜੇਲ੍ਹ ਸੁਪਰਡੰਟ ਖਾਸ ਤੋਰ ਤੇ ਰੋਪੜ ਜੇਲ੍ਹ, ਸੀਨੀਅਰ ਪੁਲਿਸ ਕਪਤਾਨ ਖਾਸ ਤੋਰ ਅਤੇ ਜਿਲ੍ਹਾ ਮੋਹਾਲੀ ਅਤੇ ਜਿਲ੍ਹਾ ਰੋਪੜ ਅਤੇ ਕੋਣ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਤੈਨਾਤ ਸਨ;

ਹ) ਪੰਜਾਬ ਵਿੱਚ ਮੁਖਤਿਆਰ ਅੰਸਾਰੀ ਵਿਰੁੱਧ ਦਰਜ ਕੀਤੇ ਸਾਰੇ ਕੇਸਾਂ/ਐਫ. ਆਈ ਆਰਜ਼ ਦੇ ਵੇਰਵੇ ਕੀ ਹਨ;

ਕ) ਮੁਖਤਿਆਰ ਅੰਸਾਰੀ ਪੰਜਾਬ ਦੇ ਕਿਹੜੇ ਗੈਂਗਸਟਰਾਂ ਦੇ ਸੰਪਰਕ ਵਿੱਚ ਸੀ;

ਖ) ਕੀ ਮੁਖਤਿਆਰ ਅੰਸਾਰੀ ਦੀ ਪਤਨੀ ਵੀ ਉਸ ਦੇ ਨਾਲ ਜੇਲ੍ਹ ਵਿੱਚ ਸੀ ਜਾਂ ਜੇਲ੍ਹ ਦੇ ਅਹਾਤੇ ਦੇ ਬਾਹਰ ਸੀ;

ਗ) ਕੀ ਬਲਵਿੰਦਰ ਸਿੰਘ ਭਿੱਖੀਵਿੰਡ (ਤਰਨਤਾਰਨ) ਦੇ ਕਤਲ ਦੇ ਮਾਮਲੇ ਵਿੱਚ ਮੁਖਤਿਆਰ ਅੰਸਾਰੀ ਦੀ ਸਮੂਲੀਅਤ ਦੀ ਜਾਂਚ ਹੋ ਚੁੱਕੀ ਹੈ?

———

## ਭਰਤੀ ਦੌਰਾਨ ਲੜਕੀਆਂ/ਐਸ.ਸੀ./ਬੀ.ਸੀ./ਸਪੋਰਟਸ ਕੋਟੇ ਆਦਿ ਦੇ ਰਾਖਵੇਂਕਰਨ ਸਬੰਧੀ ਇਸ਼ਤਿਹਾਰ ਜਾਰੀ ਕਰਨਾ

***347. (ਸੀ.ਯੂ.) ਸ਼੍ਰੀ ਗੁਰਲਾਲ ਸਿੰਘ, ਐਮ.ਐਲ.ਏ.:–** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਦੋਂ ਕਿਸੇ ਵਿਭਾਗ ਵਿੱਚ ਆਊਟ ਸੋਰਸ ਰਾਹੀਂ ਭਰਤੀ ਕੀਤੀ ਜਾਂਦੀ ਹੈ ਤਾਂ ਉਸ ਭਰਤੀ ਦੌਰਾਨ ਅਸਾਮੀਆਂ ਵਿਰੁੱਧ ਲੜਕੀਆਂ/ਐਸ.ਸੀ./ਬੀ.ਸੀ./ਸਪੋਰਟਸ ਕੋਟਾ ਆਦਿ ਦਾ ਰਾਖਵਾਂਕਰਨ ਨਹੀਂ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਭਰਤੀ ਦੌਰਾਨ ਰਾਖਵੇਂਕਰਨ ਸਬੰਧੀ ਤਜਵੀਜ਼ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

———

## ਰਾਜ ਦੀਆਂ ਜੇਲ੍ਹਾਂ ਵਿੱਚ ਮੈਡੀਕਲ ਅਫਸਰਾਂ ਦੀ ਤੈਨਾਤੀ ਕਰਨਾ

***349. (ਸੀ.ਯੂ.) ਸ਼੍ਰੀ ਗੁਰਲਾਲ ਸਿੰਘ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰਾਜ ਦੇ ਵੱਖ-ਵੱਖ ਜਿਲ੍ਹਿਆਂ ਦੇ ਮੈਡੀਕਲ ਅਫਸਰਾਂ ਦੀ ਤੈਨਾਤੀ ਰਾਜ ਦੀਆਂ ਜੇਲ੍ਹਾਂ ਦੀ ਚੈਕਿੰਗ ਕਰਨ ਲਈ ਕੀਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਰਾਜ ਦੀਆਂ ਜੇਲ੍ਹਾਂ ਦੀ ਚੈਕਿੰਗ ਕਰਨ ਲਈ ਵੱਖਰੇ ਤੌਰ ਤੇ ਮੈਡੀਕਲ ਅਫਸਰਾਂ ਦੀ ਭਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਪਿੰਡਾਂ ਦੇ ਬੇਘਰ ਲੋਕਾਂ ਲਈ ਜ਼ਮੀਨ ਦਾ ਪ੍ਰਬੰਧ ਕਰਨਾ

***354. (ਸੀ.ਯੂ.) ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡਾਂ ਵਿੱਚ ਜਿਨ੍ਹਾਂ ਲੋਕਾਂ ਕੋਲ ਕੋਈ ਜਮੀਨ ਨਹੀਂ ਹੈ, ਕੀ ਉਨ੍ਹਾਂ ਦੁਆਰਾ ਰੱਖੇ ਗਏ ਦੁਧਾਰੂ ਪਸ਼ੂਆਂ ਦੀ ਰਹਿੰਦ-ਖੂੰਹਦ ਲਈ ਕੋਈ ਪ੍ਰਬੰਧ ਕੀਤਾ ਗਿਆ ਹੈ; ਜੇਕਰ ਹਾਂ ਤਾਂ ਹੁਣ ਤੱਕ ਹਲਕਾ ਸੰਗਰੂਰ ਦੇ ਕਿੰਨੇ ਪਿੰਡਾਂ ਵਿੱਚ ਕਿੰਨੀ-ਕਿੰਨੀ ਜਗ੍ਹਾ ਉਹਨਾਂ ਲੋਕਾਂ ਨੂੰ ਦਿੱਤੀ ਗਈ ਹੈ?

———

## ਹਲਕਾ ਸੰਗਰੂਰ ਦੇ ਸਰਕਾਰੀ ਸਕੂਲਾਂ ਵਿੱਚ ਰੱਖੇ ਗਏ ਸਫਾਈ ਕਰਮਚਾਰੀਆਂ ਦੇ ਵੇਰਵੇ

***356. (ਸੀ.ਯੂ.) ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਸੰਗਰੂਰ ਦੇ ਸਰਕਾਰੀ ਸਕੂਲਾਂ ਵਿੱਚ ਸਾਲ 2012 ਤੋਂ 2022 (ਹੁਣ ਤੱਕ) ਕਿੰਨੇ ਆਰਜੀ ਅਤੇ ਕਿੰਨੇ ਪੱਕੇ ਸਫਾਈ ਕਰਮਚਾਰੀ ਰੱਖੇ ਗਏ ਹਨ ਉਹਨਾਂ ਨੂੰ ਕਿੰਨੀ ਤਨਖ਼ਾਹ ਦਿੱਤੀ ਜਾ ਰਹੀ ਹੈ, ਇਸ ਦੌਰਾਨ ਕਿੰਨੇ ਸਫਾਈ ਕਰਮਚਾਰੀ ਸੇਵਾ ਮੁਕਤ ਹੋ ਚੁੱਕੇ ਹਨ, ਵੇਰਵੇ ਸਹਿਤ ਦੱਸਿਆ ਜਾਵੇ?

———

## ਅੰਮ੍ਰਿਤਸਰ ਉੱਤਰੀ ਹਲਕੇ ਵਿੱਚ ਪੈਂਦੀਆਂ ਕਲੋਨੀਆਂ ਵਿੱਚ ਸੁਵਿਧਾਵਾਂ ਮੁਹੱਈਆ ਕਰਵਾਉਣਾ

***358. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਅੰਮ੍ਰਿਤਸਰ ਉੱਤਰੀ ਹਲਕੇ ਵਿੱਚ ਪੈਂਦੇ ਮੁਸਕਾਨ ਐਵੀਨਿਊ, ਸਮਾਈਲ ਇਨਕਲੇਵ, ਸਿਟੀ ਐਵੀਨਿਊ, ਐਫ.ਜੀ. ਇਨਕਲੇਵ ਅਤੇ ਪਾਮ ਗਾਰਡਨ ਕਲੋਨੀ ਨੂੰ ਪਾਣੀ, ਬਿਜਲੀ, ਸੀਵਰੇਜ਼, ਆਦਿ ਦੀ ਸੁਵਿਧਾ ਮੁਹੱਈਆ ਕਰਵਾਉਣ ਵਾਸਤੇ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਅ) ਉਪਰੋਕਤ ਕਲੋਨੀਆਂ ਨੂੰ ਹਾਲੇ ਤੱਕ ਏ.ਡੀ.ਏ. ਦੇ ਹਵਾਲੇ ਨਹੀਂ ਕੀਤਾ ਗਿਆ, ਜਿਸ ਕਰਕੇ ਇਨ੍ਹਾਂ ਕਲੋਨੀਆਂ ਦੇ ਵਿੱਚ ਰਹਿ ਰਹੇ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਕੀ ਇਸ ਸਬੰਧੀ ਸਰਕਾਰ ਕੋਈ ਪ੍ਰਬੰਧ ਕਰੇਗੀ?

———

## ਅੰਮ੍ਰਿਤਸਰ ਨਾਰਥ ਹਲਕੇ ਵਿੱਚ ਪੈਂਦੀਆਂ ਕਲੋਨੀਆਂ ਅਤੇ 12 ਪੰਚਾਇਤਾਂ ਨੂੰ ਕਾਰਪੋਰੇਸ਼ਨ ਵਿੱਚ ਸ਼ਾਮਲ ਕਰਨਾ

***359. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਅੰਮ੍ਰਿਤਸਰ ਨਾਰਥ ਹਲਕੇ ਵਿੱਚ ਪੈਂਦੇ ਚਾਂਦ ਐਵੀਨਿਊ, ਦਿਆਨੰਦ ਨਗਰ, ਰਾਜ ਨਗਰ ਕਲੋਨੀ, ਏਕ ਰੂਪ ਐਵੀਨਿਊ, ਆਦਿ 12 ਪੰਚਾਇਤਾਂ ਨੂੰ ਅੰਮ੍ਰਿਤਸਰ ਮਿਉਂਸੀਪਲ ਕਾਰਪੋਰੇਸ਼ਨ ਦੇ ਵਿੱਚ ਸ਼ਾਮਲ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ,ਜੇਕਰ ਹਾਂ ਤਾਂ ਕਦੋਂ ਤੱਕ;

ਅ) ਜੇਕਰ ਨਹੀਂ ਤਾਂ ਇਨ੍ਹਾਂ ਪੰਚਾਇਤਾਂ ਦੇ ਵਿੱਚ ਪਾਣੀ, ਬਿਜਲੀ, ਸੀਵਰੇਜ਼, ਆਦਿ ਦੀ ਵਿਵਸਥਾ ਵਾਸਤੇ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

———

## ਸਾਲ 2022 ਤੋਂ ਹੁਣ ਤੱਕ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਵੱਲੋਂ ਜਾਰੀ ਕੀਤੇ ਇਸ਼ਤਿਹਾਰਾਂ ਦੇ ਵੇਰਵੇ

***360. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸੂਚਨਾ ਤੇ ਲੋਕ ਸੰਪਰਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਵੱਲੋਂ ਸਾਲ 2022 ਦੌਰਾਨ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਨੂੰ ਵੱਖ-ਵੱਖ ਜਾਰੀ ਕੀਤੇ ਇਸ਼ਤਿਹਾਰਾਂ ਦੇ ਖ਼ਰਚੇ ਦਾ ਪੂਰਾ ਵੇਰਵਾ ਵਿਭਾਗ ਦੀ ਵੈਬਸਾਈਟ ਤੇ ਪਾਇਆ ਜਾ ਰਿਹਾ ਹੈ, ਜੇਕਰ ਨਹੀਂ ਤਾਂ ਕੀ ਭਵਿੱਖ ਵਿੱਚ ਅਜਿਹਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਅਪ੍ਰੈਲ 2022 ਤੋਂ ਹੁਣ ਤੱਕ ਸੜਕ ਦੁਰਘਟਨਾਵਾਂ ਵਿੱਚ ਹੋਈਆਂ ਮੌਤਾਂ ਦੇ ਵੇਰਵੇ

***361. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਪ੍ਰੈਲ 2022 ਤੋਂ ਹੁਣ ਤੱਕ ਰਾਜ ਵਿੱਚ ਸੜਕ ਦੁਰਘਟਨਾਵਾਂ ਵਿੱਚ ਕਿੰਨੇ ਲੋਕਾਂ ਦੀ ਮੌਤ ਮੌਕੇ ਤੇ ਹੀ ਹੋ ਗਈ, ਕਿੰਨੇ ਵਿਅਕਤੀਆਂ ਦੀ ਮੌਤ ਹਸਪਤਾਲ ਲਿਜਾਂਦੇ ਸਮੇਂ ਅਤੇ ਕਿੰਨੇ ਵਿਅਕਤੀਆਂ ਦੀ ਮੌਤ ਹਸਪਤਾਲਾਂ ਵਿੱਚ ਇਲਾਜ਼ ਦੌਰਾਨ ਹੋਈ ਹੈ, ਸਰਕਾਰ ਵੱਲੋਂ ਰਾਜ ਵਿੱਚ ਸੜਕ ਦੁਰਘਟਨਾਵਾਂ ਰੋਕਣ ਲਈ ਕੀ ਕਦਮ ਉਠਾਏ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

———

## ਸਾਲ 2019-2022 ਹੁਣ ਤੱਕ ਸਵੈ-ਰੋਜ਼ਗਾਰ ਲਈ ਲਾਭਪਾਤਰੀਆਂ ਨੂੰ ਦਿੱਤੇ ਕਰਜ਼ੇ ਦੇ ਵੇਰਵੇ

***362. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਅਨੁਸੂਚਿਤ ਜਾਤੀਆਂ ਭੋਂ-ਵਿਕਾਸ ਅਤੇ ਵਿੱਤ ਨਿਗਮ, ਚੰਡੀਗੜ੍ਹ ਵੱਲੋਂ ਵੱਖ-ਵੱਖ ਯੋਜਨਾਵਾਂ ਤਹਿਤ ਸਵੈ-ਰੋਜ਼ਗਾਰ ਲਈ ਸਾਲ, 2019-20 ਤੋਂ ਸਾਲ, 2021-22 ਅਤੇ ਚਾਲੂ ਵਿੱਤੀ ਵਰ੍ਹੇ ਦੌਰਾਨ ਜ਼ਿਲ੍ਹਾਵਾਰ ਕਿੰਨੇ-ਕਿੰਨੇ ਲਾਭਪਾਤਰੀਆਂ ਨੂੰ ਕਰਜ਼ਾ ਦੇਣ ਦਾ ਟੀਚਾ ਮਿੱਥਿਆ ਗਿਆ ਸੀ ਅਤੇ ਹੁਣ ਤੱਕ ਕਿੰਨੇ-ਕਿੰਨੇ ਜ਼ਿਲ੍ਹਾਵਾਰ ਲਾਭਪਾਤਰੀਆਂ ਨੂੰ ਕਿਸ-ਕਿਸ ਸਕੀਮ ਤਹਿਤ ਕਿੰਨਾਂ-ਕਿੰਨਾਂ ਕਰਜ਼ਾ ਦਿੱਤਾ ਗਿਆ, ਵੰਡੇ ਗਏ ਕਰਜ਼ੇ ਦੀ ਰਕਮ ਵਿੱਚ ਰਾਜ ਅਤੇ ਕੇਂਦਰ ਸਰਕਾਰ ਦਾ ਕਿੰਨਾ-ਕਿੰਨਾ ਹਿੱਸਾ ਹੈ ਅਤੇ ਕੀ ਕਾਰਪੋਰੇਸ਼ਨ ਇਨ੍ਹਾਂ ਸਾਲਾਂ ਦੌਰਾਨ ਆਪਣੇ ਮਿੱਥੇ ਟੀਚੇ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਸਕੀ ਹੈ, ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

———

## ਹਲਕਾ ਖੰਨਾ ਦੀ ਦਾਣਾ ਮੰਡੀ ਦਾ ਅਧੁਨਿਕੀਕਰਨ ਅਤੇ ਵਿਸਥਾਰ ਕਰਨਾ

***364. (ਸੀ.ਯੂ.) ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਹਲਕਾ ਖੰਨਾ ਦੀ ਦਾਣਾ ਮੰਡੀ ਏਸ਼ੀਆ ਦੀ ਸਭ ਤੋਂ ਵੱਡੀ ਦਾਣਾ ਮੰਡੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਮੰਡੀ ਵਿੱਚ ਪਲੈਥਾਂ ਦੀ ਬਹੁਤ ਘਾਟ ਹੈ ਜਿਸ ਨਾਲ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਲਈ ਜਗ੍ਹਾ ਨਹੀਂ ਮਿਲਦੀ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਉਕਤ ਦਾਣਾ ਮੰਡੀ ਦਾ ਅਧੁਨਿਕੀਕਰਨ ਅਤੇ ਵਿਸਥਾਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਪਿੰਡ ਦਹੇੜੂ–ਪਿੰਡ ਬਗਲੀ ਸੜਕ ਦੀ ਰੀਕਾਰਪੈੱਟਿੰਗ/ਨਵੀਂ ਬਣਾਉਣਾ

***366. (ਸੀ.ਯੂ.) ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖੰਨਾ ਦੇ ਪਿੰਡ ਦਹੇੜੂ–ਪਿੰਡ ਬਗਲੀ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸੜਕ ਦੀ ਰੀਕਾਰਪੈੱਟਿੰਗ ਕਰਨ ਜਾਂ ਨਵੀਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

———

## ਵਿੱਤੀ ਸਾਲ 2017-18 ਤੋਂ ਹੁਣ ਤੱਕ ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਲਾਭਪਾਤਰੀਆਂ ਨੂੰ ਦਿੱਤੀ ਰਾਸ਼ੀ ਦੇ ਵੇਰਵੇ

***367. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਐਕਸਗ੍ਰੇਸ਼ੀਆ, ਦਾਹ-ਸੰਸਕਾਰ/ਅੰਤਿਮ ਕ੍ਰਿਆ-ਕ੍ਰਮ, ਐਨਕ, ਦੰਦ, ਸੁਣਨ-ਯੰਤਰ ਲਗਵਾਉਣ, ਐਲ.ਟੀ.ਸੀ (ਯਾਤਰਾ ਲਈ ਸਹੂਲਤ), ਸ਼ਗਨ ਅਤੇ ਬਿਨਾਂ ਵਿਆਜ਼ ਕਰਜਾ ਸਕੀਮਾਂ ਤਹਿਤ ਰਾਸ਼ੀ ਕੇਵਲ ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਅਧੀਨ ਰਜਿਸਟਰਡ ਅਦਾਰੇ/ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦੇ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹੀ ਦਿੱਤੀ ਜਾਂਦੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਉਪਰੋਕਤ ਐਕਟ ਅਧੀਨ ਕਿੰਨੇ ਰਜਿਸਟਰਡ ਅਦਾਰੇ/ਇਸਟੈਬਲਿਸ਼ਮੈਂਟ ਹਨ ਤੇ ਇਨ੍ਹਾਂ ਵਿੱਚ ਕਿੰਨੇ ਮਜ਼ਦੂਰ ਕੰਮ ਕਰਦੇ ਹਨ; ਸਰਕਾਰ ਵੱਲੋਂ ਵਿੱਤੀ ਸਾਲ, 2017-18 ਤੋਂ ਹੁਣ ਤੱਕ ਇਨ੍ਹਾਂ ਸਕੀਮਾਂ ਤਹਿਤ ਕਿੰਨੇ ਲਾਭਪਾਤਰੀਆਂ ਨੂੰ ਕਿੰਨੀ-ਕਿੰਨੀ ਰਾਸ਼ੀ ਦਿੱਤੀ ਗਈ, ਕੀ ਇਨ੍ਹਾਂ ਸਕੀਮਾਂ ਵਿੱਚ ਖੇਤ ਮਜ਼ਦੂਰ, ਘਰ ਅਧਾਰਤ-ਵਰਕਰ, ਮਗਨਰੇਗਾ ਵਰਕਰ, ਸਵੈ-ਰੁਜ਼ਗਾਰ ਕਰਮਚਾਰੀ ਜਾਂ ਅਸੰਗਠਿਤ ਖੇਤਰ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਵੀ ਸ਼ਾਮਿਲ ਕਰਨ ਅਤੇ ਇਨ੍ਹਾਂ ਸਕੀਮਾਂ ਦੀਆਂ ਰਾਸ਼ੀਆਂ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ ਵੇਰਵੇ ਸਹਿਤ ਦੱਸਿਆ ਜਾਵੇ?

-------

## 8ਵੀਂ ਅਤੇ 10ਵੀਂ ਤੱਕ ਪੜੇ ਬੇਰੁਜਗਾਰ ਬੱਚਿਆਂ ਨੂੰ ਦਰਜਾ ਚਾਰ ਦੀ ਅਸਾਮੀ ਲਈ ਭਰਤੀ ਕਰਨਾ

***368. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਕੀ ਰਾਜ ਸਰਕਾਰ ਵੱਲੋਂ ਸਾਲ 2022 ਵਿੱਚ ਸੂਬੇ ਦੇ ਵੱਖ–ਵੱਖ ਵਿਭਾਗਾਂ ਵਿੱਚ 26,454 ਅਸਾਮੀਆਂ ਦੀ ਕੀਤੀ ਜਾ ਰਹੀ ਰੈਗੂਲਰ ਭਰਤੀ ਵਿੱਚ ਦਰਜਾ ਚਾਰ ਦੀ ਇੱਕ ਵੀ ਅਸਾਮੀ ਦੀ ਭਰਤੀ ਨਹੀਂ ਕੀਤੀ ਜਾ ਰਹੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਰਾਜ ਦੇ ਅੱਠਵੀਂ ਜਾਂ ਦਸਵੀਂ ਤੱਕ ਪੜ੍ਹੇ ਬੇਰੁਜ਼ਗਾਰ ਬੱਚਿਆਂ ਨੂੰ ਵੀ ਸਰਕਾਰੀ ਨੌਕਰੀਆਂ ਦੇਣ ਲਈ ਵੱਖ–ਵੱਖ ਵਿਭਾਗਾਂ ਵਿੱਚ ਦਰਜਾ 4 ਦੀਆਂ ਖਾਲੀ ਪਈਆਂ ਹਜਾਰਾਂ ਮਨਜੂਰਸ਼ੁਦਾ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

———

## ਨਵੀਨੀਕਰਨ ਅਤੇ ਸੁਧਾਰ ਸਕੀਮ ਅਧੀਨ ਪਿੰਡਾਂ ਦਾ ਵਿਕਾਸ ਕਰਨਾ

***370. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਅਜਿਹੇ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ 50% ਤੋਂ ਵੱਧ ਅਨੁਸੂਚਿਤ ਜਾਤੀਆਂ ਦੀ ਆਬਾਦੀ ਹੈ, ਇਨ੍ਹਾਂ ਪਿੰਡਾਂ ਦਾ ਨਵੀਨੀਕਰਨ ਅਤੇ ਸੁਧਾਰ ਸਕੀਮ ਅਧੀਨ ਸਾਲ 2020–21, 2021–22 ਅਤੇ ਚਾਲੂ ਵਿੱਤੀ ਵਰ੍ਹੇ ਵਿੱਚ ਕਿੰਨੀ–ਕਿੰਨੀ ਰਕਮ ਦਾ ਉਪਬੰਧ ਕੀਤਾ ਗਿਆ ਸੀ, ਕਿੰਨੀ–ਕਿੰਨੀ ਰਕਮ ਖਰਚ ਕਰਕੇ ਕਿੰਨੇ ਤੇ ਕਿਹੜੇ–ਕਿਹੜੇ ਪਿੰਡਾਂ ਵਿੱਚ ਵਿਕਾਸ ਦੇ ਕਿਹੜੇ–ਕਿਹੜੇ ਕੰਮ ਕੀਤੇ ਗਏ ਹਨ, ਬਾਕੀ ਰਹਿੰਦੇ ਪਿੰਡਾਂ ਦਾ ਅਜੇ ਤੱਕ ਵਿਕਾਸ ਨਾ ਕਰਨ ਦੇ ਕੀ ਕਾਰਨ ਹਨ ਵੇਰਵੇ ਸਹਿਤ ਦੱਸਿਆ ਜਾਵੇ?

———

## ਪੰਜਾਬ ਦੇ ਸ਼ਹਿਰਾਂ ਵਿਖੇ ਮੈਟਰੋ ਪ੍ਰਾਜੈਕਟ ਲਿਆਉਣਾ

***372. (ਸੀ.ਯੂ.) ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਸ਼ਹਿਰਾਂ ਜਿਵੇਂ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਐਸ.ਏ.ਐਸ. ਨਗਰ ਵਿਖੇ ਟ੍ਰੈਫਿਕ ਦੀ ਸਮੱਸਿਆ ਨੂੰ ਵੇਖਦੇ ਹੋਏ ਇਨ੍ਹਾਂ ਸ਼ਹਿਰਾਂ ਵਿੱਚ ਮੈਟਰੋ ਪ੍ਰਾਜੈਕਟ ਲਿਆਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

———

## ਰਾਜ ਸਰਕਾਰ ਵੱਲੋਂ ਪੈਨਸ਼ਨ ਧਾਰਕਾਂ ਨੂੰ ਦਿੱਤੀ ਜਾਂਦੀ ਪੈਨਸ਼ਨ ਦੇ ਵੇਰਵੇ

***373. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਸਰਕਾਰ ਵੱਲੋਂ ਬੁਢਾਪਾ, ਵਿਧਵਾ ਅਤੇ ਨਿਆਸ਼ਰਿਤ ਔਰਤਾਂ, ਆਸ਼ਰਿਤ ਬੱਚਿਆਂ, ਦਿਵਿਆਂਗ ਵਿਅਕਤੀਆਂ ਪੈਨਸ਼ਨ ਸਕੀਮ, ਨੈਸ਼ਨਲ ਪੈਨਸ਼ਨ ਸਕੀਮ-ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ, ਵਿਧਵਾ ਅਤੇ ਅਪੰਗਤਾ ਪੈਨਸ਼ਨ ਸਕੀਮਾਂ ਤਹਿਤ ਹਰ ਮਹੀਨੇ ਸਮੇਂ ਸਿਰ ਲਗਾਤਰ ਪੈਨਸ਼ਨ ਦੀ ਅਦਾਇਗੀ ਕੀਤੀ ਜਾ ਰਹੀ ਹੈ, ਜੇਕਰ ਨਹੀਂ ਤਾਂ ਕਿੰਨੇ ਸਮੇਂ ਦੀ ਪੈਨਸ਼ਨ ਦੀ ਅਦਾਇਗੀ ਅਜੇ ਪੈਂਡਿੰਗ ਹੈ ਅਤੇ ਪੈਂਡਿੰਗ ਪੈਨਸ਼ਨ ਕਦੋਂ ਤੱਕ ਜਾਰੀ ਕਰ ਦਿੱਤੀ ਜਾਵੇਗੀ;

ਅ) ਰਾਸ਼ਟਰੀ ਪਰਿਵਾਰਿਕ ਲਾਭ ਸਕੀਮ ਤਹਿਤ ਘਰ ਦੇ ਕਮਾਊ ਮੁੱਖੀ, ਪੁਰਸ਼ ਜਾਂ ਇਸਤਰੀ ਦੀ ਮੌਤ ਉਪਰੰਤ ਵਿੱਤੀ ਸਾਲ 2021-22 ਅਤੇ ਚਾਲੂ ਵਿੱਤੀ ਵਰ੍ਹੇ ਵਿੱਚ ਹੁਣ ਤੱਕ ਕਿੰਨੇ ਪਰਿਵਾਰਾਂ ਨੂੰ ਕਿੰਨੇ ਰੁਪਏ ਦੀ ਯੱਕ ਮੁਸ਼ਤ ਵਿੱਤੀ ਸਹਾਇਤਾ ਦਿੱਤੀ ਗਈ ਹੈ;

ੲ) ਉਪਰੋਕਤ ਭਾਗ (ੳ ਅਤੇ ਅ) ਵਿੱਚ ਵਰਣਿਤ ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ਤੇ ਇਨ੍ਹਾਂ ਸਕੀਮਾਂ ਤਹਿਤ ਲਾਭਪਾਤਰੀਆਂ ਨੂੰ ਕਿੰਨੀ-ਕਿੰਨੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ ਅਤੇ ਪਿਛਲੀ ਵਾਰ ਸਕੀਮਾਂ ਦੀਆਂ ਵਿੱਤੀ ਸਹਾਇਤਾ ਵਿੱਚ ਕਦੋਂ ਤੋਂ ਕਿੰਨੇ ਰੁਪਏ ਦਾ ਵਾਧਾ ਕੀਤਾ ਗਿਆ ਸੀ ਅਤੇ ਕੀ ਮੌਜੂਦਾ ਵਿੱਤੀ ਸਹਾਇਤਾ ਦੀ ਰਾਸ਼ੀ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹਾਂ ਤਾਂ ਕਦੋਂ ਤੱਕ?

———

## ਪ੍ਰਾਈਵੇਟ ਹਸਪਤਾਲਾਂ ਦੁਆਰਾ ਮਰੀਜਾਂ ਤੋਂ ਵਸੂਲੀਆਂ ਜਾਂਦੀਆਂ ਵਾਧੂ ਫੀਸਾਂ ਦੇ ਵੇਰਵੇ

***374. (ਸੀ.ਯੂ.) 1. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.)**

**2. ਸ਼੍ਰੀ ਗੁਰਪ੍ਰੀਤ ਬੱਸੀ ਗੋਗੀ):–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਰਾਜ ਦੇ ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ ਵਿੱਚ ਵੱਖ-ਵੱਖ ਬਿਮਾਰੀਆਂ ਦੇ ਇਲਾਜ਼ ਲਈ ਓ.ਪੀ.ਡੀ ਵਿੱਚ ਆਏ ਮਰੀਜ਼ਾਂ ਕੋਲੋਂ ਫਾਈਲ/ਪਰਚੀ/ਸਪੈਸ਼ਲਿਸਟ ਡਾਕਟਰਾਂ ਤੋਂ ਸਲਾਹ ਲੇਣ ਤੋਂ ਇਲਾਵਾ ਪ੍ਰਾਈਵੇਟ ਲੈਬੋਰਟਰੀਆਂ ਅਤੇ ਡਾਇਗਨੌਸਟਿਕ ਸੈਂਟਰਾਂ ਵੱਲੋਂ ਵੱਖ-ਵੱਖ ਟੈਸਟਾਂ ਲਈ ਜ਼ੋ ਫ਼ੀਸਾਂ ਮਰੀਜਾਂ ਤੋਂ ਵਸੂਲੀਆਂ ਜਾ ਰਹੀਆਂ ਹਨ ਨੂੰ ਨਿਰਧਾਰਿਤ ਕਰਨ ਸਮੇਂ ਪ੍ਰਾਈਵੇਟ ਹਸਪਤਾਲਾਂ, ਲੈਬੋਰਟਰੀਆਂ ਅਤੇ ਡਾਇਗਨੌਸਟਿਕ ਸੈਂਟਰਾਂ ਵੱਲੋਂ ਸਰਕਾਰ ਤੋਂ ਕੋਈ ਆਗਿਆ ਲਈ ਜਾਂਦੀ ਹੈ, ਜੇਕਰ ਹਾਂ ਤਾਂ ਇਨ੍ਹਾਂ ਵੱਖ-ਵੱਖ ਸੇਵਾਵਾਂ ਲਈ ਸਰਕਾਰ ਨੇ ਕਿੰਨੀ-ਕਿੰਨੀ ਫ਼ੀਸ ਨਿਰਧਾਰਿਤ ਕੀਤੀ ਹੋਈ ਹੈ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਅ) ਸੂਬੇ ਵਿੱਚ ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ ਅਤੇ ਸਿਹਤ ਸੰਸਥਾਵਾਂ ਵੱਲੋਂ ਵਾਧੂ ਚਾਰਜ ਲੈਣ ਨੂੰ ਨਿਯੰਤਰਿਤ ਕਰਨ ਲਈ ਕੋਈ ਪਾਲਿਸੀ/ਐਕਟ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਹਰੀਆਣਾ, ਹਲਕਾ ਸ਼ਾਮ ਚੁਰਾਸੀ ਵਿਖੇ ਬੱਸ ਸਟੈਂਡ ਬਣਾਉਣਾ

***376. (ਸੀ.ਯੂ.) ਡਾ. ਰਵਜੋਤ ਸਿੰਘ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ਾਮ ਚੁਰਾਸੀ ਹਲਕੇ ਦੇ ਹਰੀਆਣਾ ਵਿਖੇ ਬੱਸ ਸਟੈਂਡ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

———

## ਸਰਕਾਰੀ ਹਸਪਤਾਲਾਂ ਵਿੱਚ ਐਮ.ਆਰ.ਆਈ. ਮਸ਼ੀਨਾਂ/ਪੈਟ ਸਕੈਨ ਮਸ਼ੀਨਾਂ ਅਤੇ ਕਾਰਡੀਅਕ ਕੈਥ ਲੈਬਾਂ ਸਥਾਪਿਤ ਕਰਨਾ

***378. (ਸੀ.ਯੂ.) ਡਾ. ਰਵਜੋਤ ਸਿੰਘ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਵੱਖ–ਵੱਖ ਸਰਕਾਰੀ ਹਸਪਤਾਲਾਂ ਵਿੱਚ ਕੁੱਲ ਕਿੰਨੀਆਂ ਐਮ.ਆਰ.ਆਈ. ਮਸ਼ੀਨਾਂ/ਪੈਟ ਸਕੈਨ ਮਸ਼ੀਨਾਂ ਅਤੇ ਕਾਰਡੀਅਕ ਕੈਥ ਲੈਬ ਹਨ ਅਤੇ ਇਹਨਾਂ ਵਿੱਚ ਕਿੰਨੀਆਂ ਪ੍ਰਕਿਰਿਆ ਕੀਤੀਆਂ ਗਈਆਂ ਹਨ ਅਤੇ ਆਉਣ ਵਾਲੇ ਪੰਜ ਸਾਲਾਂ ਵਿੱਚ ਰਾਜ ਵਿੱਚ ਕਿੰਨੀਆਂ ਨਵੀਆਂ ਐਮ.ਆਰ.ਆਈ./ਪੈਟ ਸਕੈਨ ਮਸ਼ੀਨਾਂ ਅਤੇ ਕਾਰਡੀਅਕ ਕੈਥ ਲੈਬ ਸਥਾਪਿਤ ਕੀਤੀਆਂ ਜਾਣਗੀਆਂ?

———

## ਕੰਡੀ ਖੇਤਰ ਵਿੱਚ ਟੈਕਸ ਫ੍ਰੀ ਉਦਯੋਗ ਜਾਂ ਆਈ.ਟੀ. ਪਾਰਕ ਸਥਾਪਿਤ ਕਰਨਾ

***379. (ਸੀ.ਯੂ.) ਡਾ. ਰਵਜੋਤ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਕੰਡੀ ਖੇਤਰ ਵਿੱਚ ਟੈਕਸ ਫ੍ਰੀ ਉਦਯੋਗ ਜਾਂ ਆਈ.ਟੀ. ਪਾਰਕ ਲਿਆਉਣ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

———

**ਪੁਰਾਣੀ "ਪੈਨਸ਼ਨ ਸਕੀਮ" ਲਾਗੂ ਕਰਨਾ**

***381. (ਸੀ.ਯੂ.) 1. ਡਾ. ਰਵਜੋਤ ਸਿੰਘ, ਐਮ.ਐਲ.ਏ.)**

**2. ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.)**

**3. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.)**

**4. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.):-**

ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੁਰਾਣੀ ਪੈਨਸ਼ਨ ਸਕੀਮ (ੳ.ਪੀ.ਐਸ) ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਪੰਜਾਬ ਸੂਬੇ ਵਿੱਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਜਾਰੀ ਨੋਟੀਫਿਕੇਸ਼ਨ ਨੰਬਰ 02/01/2022-2FPPC/153 ਅਨੁਸਾਰ ਰਹਿੰਦੀਆਂ STANDARD OPERATING PROCEDURES (SOP) ਕਦੋਂ ਜਾਰੀ ਕੀਤੀਆਂ ਜਾਣਗੀਆਂ;

ੲ) ਇਸ ਸਕੀਮ ਤਹਿਤ ਹੁਣ ਤੱਕ ਰਾਜ ਦੇ ਕਿੰਨੇ ਸਰਕਾਰੀ ਮੁਲਾਜ਼ਮਾਂ ਨੂੰ ਲਾਭ ਪਹੁੰਚਾਇਆ ਗਿਆ ਹੈ,

ਸ) ਕੀ OPS ਲਾਗੂ ਕਰਨ ਲਈ ਕੋਈ ਕੇਂਦਰ ਤੋਂ ਮਨਜ਼ੂਰੀ ਲੈਣ ਦੀ ਜ਼ਰੂਰਤ ਹੈ, ਜੇਕਰ ਹੈ ਤਾਂ ਕੀ ਸਰਕਾਰ ਨੇ ਮਨਜ਼ੂਰੀ ਲੈਣ ਲਈ ਕੋਈ ਕਾਰਵਾਈ ਕੀਤੀ ਹੈ, ਉਸ ਦੇ ਵੇਰਵੇ ਦਿੱਤੇ ਜਾਣ?

------

## ਪ੍ਰਾਈਵੇਟ ਕਾਲਜ਼ਾਂ ਦੁਆਰਾ ਰਾਜ ਦੇ SC/BC ਵਿਦਿਆਰਥੀਆਂ ਦਾ ਨਤੀਜਾ ਜਾਰੀ ਕਰਨਾ

***382. (ਸੀ.ਯੂ.) ਡਾ. ਰਵਜੋਤ ਸਿੰਘ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੁੱਝ ਪ੍ਰਾਈਵੇਟ ਕਾਲਜ਼ਾਂ ਨੇ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦਾ ਨਤੀਜਾ ਜਾਰੀ ਨਹੀਂ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਨੇ ਵੱਖ-ਵੱਖ ਪ੍ਰਾਈਵੇਟ ਅਤੇ ਸਰਕਾਰੀ ਕਾਲਜ਼ਾਂ ਨੂੰ ਨਤੀਜਾ ਘੋਸ਼ਿਤ ਕਰਨ ਲਈ ਪੋਸਟ ਮੈਟ੍ਰਿਕਸ ਸਕਾਲਰਸ਼ਿਪ ਸਬੰਧੀ ਲਿਖਤੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ (ਆਰ.ਐਲ.ਐਫ)?

———

## ਸਿਵਲ ਹਸਪਤਾਲ ਰਾਜਪੁਰਾ ਦੀ ਅਸੁਰੱਖਿਅਤ ਬਿਲਡਿੰਗ ਦੀ ਮੁਰੰਮਤ ਕਰਕੇ ਦੁਬਾਰਾ ਚਾਲੂ ਕਰਨਾ

***384. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜਪੁਰਾ ਸਿਵਲ ਹਸਪਤਾਲ ਦੀ ਅੱਧੀ ਬਿਲਡਿੰਗ ਅਸੁਰੱਖਿਅਤ ਹੋਣ ਕਰਕੇ ਵਰਤੋਂ ਵਿਚ ਨਹੀਂ ਲਿਆਂਦੀ ਜਾ ਰਹੀ, ਜਿਸ ਕਾਰਨ ਮਰੀਜਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਬਿਲਡੰਗ ਦੀ ਮੁਰੰਮਤ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਰਾਜਪੁਰਾ ਓਵਰ ਬ੍ਰਿਜ ਦੀ ਰੀਕਾਰਪੈੱਟਿੰਗ ਕਰਨਾ

***385. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜਪੁਰਾ ਓਵਰ ਬ੍ਰਿਜ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਉਕਤ ਰੇਲਵੇ ਓਵਰ ਬ੍ਰਿਜ ਦੀ ਰੀਕਾਰਪੈਂਟਿੰਗ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਰਾਜਪੁਰਾ ਸ਼ਹਿਰ ਨੂੰ ਲੋੜ ਮੁਤਾਬਕ ਪੀਣ ਵਾਲੇ ਪਾਣੀ ਦੀ ਸਪਲਾਈ ਦੇਣਾ

***387. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜਪੁਰਾ ਸ਼ਹਿਰ ਨੂੰ ਸਿਰਫ 5.5 ਕਿਊਸਕ ਪੀਣ ਦਾ ਪਾਣੀ ਹੀ ਦਿੱਤਾ ਜਾਂਦਾ ਹੈ ਜੱਦ ਕਿ ਰਾਜਪੁਰਾ ਸ਼ਹਿਰ ਦੀ ਅਬਾਦੀ ਵਧਣ ਕਾਰਨ ਅਤੇ ਖੇਤਰਫਲ ਵਧਣ ਕਰਕੇ ਮੌਜੂਦਾ ਸਮੇਂ ਵਿੱਚ ਪਾਣੀ ਦੀ ਮੰਗ 17.5 ਕਿਊਸਕ ਹੈ; ਜੇਕਰ ਅਜਿਹਾ ਹੈ ਤਾਂ ਕੀ ਰਾਜਪੁਰਾ ਸ਼ਹਿਰ ਨੂੰ ਲੋੜ ਮੁਤਾਬਕ ਪੀਣ ਵਾਲਾ ਨਹਿਰੀ ਪਾਣੀ ਵਧਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਅੰਮ੍ਰਿਤਸਰ ਵਿਖੇ "ਸਮਾਰਟ ਸਿਟੀ ਸਕੀਮ" ਅਧੀਨ ਵੱਖ-ਵੱਖ ਪ੍ਰੋਜੈਕਟਾਂ ਦੇ ਸਮੁਚੇ ਵਿਕਾਸ ਕਾਰਜਾਂ ਦੇ ਵੇਰਵੇ**

***388. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਵਿਖੇ "ਸਮਾਰਟ ਸਿਟੀ ਸਕੀਮ" ਅਧੀਨ ਵੱਖ-ਵੱਖ ਪ੍ਰੋਜੈਕਟਾਂ ਦੇ ਸਮੁੱਚੇ ਵਿਕਾਸ ਕਾਰਜਾਂ ਦੇ ਵੇਰਵੇ ਕੀ ਹਨ ਅਤੇ ਅਜਿਹੇ ਵਿਕਾਸ ਕਾਰਜਾਂ ਦੇ ਨਾਮ ਅਤੇ ਸਹੀ ਵੇਰਵੇ, ਕਾਰਜਕਾਰੀ ਏਜੰਸੀ, ਕਾਰਜ ਇੰਚਾਰਜ, ਪ੍ਰੋਜੈਕਟ ਦੀ ਲਾਗਤ, ਠੇਕੇਦਾਰ ਦੇ ਵੇਰਵੇ ਕੰਮ/ਪ੍ਰੋਜੈਕਟ ਦੇ ਸ਼ੁਰੂ ਹੋਣ ਦੀ ਮਿਤੀ ਕੰਮ/ਪ੍ਰੋਜੈਕਟ ਮੁਕੰਮਲ ਹੋਣ ਦੀ ਮਿਤੀ ਕੰਮ/ਪ੍ਰੋਜੈਕਟ ਦੀ ਮੌਜੂਦਾ ਸਥਿਤੀ ਆਦਿ ਦੇ ਵੇਰਵੇ ਵੀ ਦਿੱਤੇ ਜਾਣ?

———

**ਪਠਾਨਕੋਟ ਦੇ ਧਾਰਕਲਾਂ ਏਰੀਏ ਵਿੱਚ ਸੈਰ ਸਪਾਟਾ ਨੂੰ ਪ੍ਰਫੁੱਲਤ ਕਰਨ ਲਈ ਪਾਲਿਸੀ ਬਣਾਉਣਾ**

***389. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਜ਼ਿਲ੍ਹਾ ਪਠਾਨਕੋਟ ਦੇ ਧਾਰਕਲਾਂ ਏਰੀਏ ਵਿੱਚ ਸੈਰ ਸਪਾਟਾ (Tourism) ਨੂੰ ਪ੍ਰਫੁੱਲਤ ਕਰਨ ਵਾਸਤੇ ਸਰਕਾਰ ਵੱਲੋਂ ਕੋਈ ਪਾਲਿਸੀ/ਯੋਜਨਾ ਬਣਾਈ ਗਈ ਹੈ;

ਅ) ਕੀ ਇਸ ਖੇਤਰ ਦੇ ਵਿਚ ਸੈਰ ਸਪਾਟਾ (Tourism) ਨੂੰ ਪ੍ਰਫੁੱਲਤ ਕਰਨ ਵਾਸਤੇ ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਦੇ ਏਰੀਏ ਦਾ ਕੋਈ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ; ਜੇਕਰ ਹੈ ਤਾਂ ਉਸ ਦਾ ਵੇਰਵਾ ਦਿੱਤਾ ਜਾਵੇ?

———

## ਪਠਾਨਕੋਟ ਦੇ ਨਰੋਟ ਏਰੀਏ ਵਿਚ ਚੀਨੀ ਮਿੱਲ ਲਗਾਉਣਾ

***390. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਠਾਨਕੋਟ ਦੇ ਨਰੋਟ ਏਰੀਏ ਦੇ ਸਰਕਾਰੀ ਖੇਤਰ ਵਿਚ ਚੀਨੀ ਮਿੱਲ ਲਗਾਉਣ ਦਾ ਕੋਈ ਪ੍ਰਸਤਾਵ ਹੈਂ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਸਮਾਂਬੱਧ ਕੀਤਾ ਜਾ ਸਕਦਾ ਹੈ?

———

## ਪਠਾਨਕੋਟ ਸ਼ਹਿਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਰੀਜਨਲ ਸੈਂਟਰ ਸਥਾਪਿਤ ਕਰਨਾ

***391. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪਠਾਨਕੋਟ ਸ਼ਹਿਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਰੀਜਨਲ ਸੈਂਟਰ ਸਥਾਪਿਤ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ;

ਅ) ਕੀ ਮੈਨੇਜਮੈਂਟ, ਇੰਜੀਨੀਅਰਿੰਗ, ਮੈਡੀਕਲ, ਲਾਅ ਆਦਿ ਪ੍ਰੋਫੈਸ਼ਨਲ ਕੋਰਸਾਂ ਵਾਸਤੇ ਪਠਾਨਕੋਟ ਸ਼ਹਿਰ ਦੇ ਸਰਕਾਰੀ ਖੇਤਰ ਦੇ ਵਿਚ ਕਾਲਜ਼/ਡਿਪਾਰਟਮੈਂਟ ਬਣਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕੀ ਇਸ ਨੂੰ ਸਮਾਂਬੱਧ ਕੀਤਾ ਜਾ ਸਕਦਾ ਹੈ?

———

## ਐਸ.ਏ.ਐਸ. ਨਗਰ ਵਿਖੇ ਬਣਾਏ ਗਏ ਬੱਸ ਅੱਡੇ ਨੂੰ ਚਾਲੂ ਕਰਨਾ

***392. (ਸੀ.ਯੂ.) ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਬੱਸ ਅੱਡਾ ਨਹੀਂ ਹੈ;

ਅ) ਕੀ ਇਹ ਵੀ ਠੀਕ ਹੈ ਕਿ ਲਗਭਗ 7 ਸਾਲ ਪਹਿਲਾਂ ਇੱਕ ਪ੍ਰਾਈਵੇਟ ਕੰਪਨੀ ਵੱਲੋਂ ਬੀ.ਓ.ਟੀ. ਅਧਾਰ ਤੇ ਫੇਜ਼-6 ਵਿਖੇ ਇੱਕ ਅਤਿ ਆਧੁਨਿਕ ਬੱਸ ਅੱਡੇ ਦਾ ਨਿਰਮਾਣ ਕੀਤਾ ਗਿਆ ਸੀ, ਪਰ ਕਿਸੇ ਕਾਰਨਾਂ ਕਰਕੇ ਸਬੰਧਤ ਪ੍ਰਾਈਵੇ ਟ ਕੰਪਨੀ ਬੱਸ ਅੱਡੇ ਨੂੰ ਚਲਾਉਣ ਵਿੱਚ ਕਾਮਯਾਬ ਨਹੀਂ ਹੋ ਸਕੀ ਅਤੇ ਬੱਸ ਅੱਡੇ ਦੀ ਇਮਾਰਤ ਜਿਉਂ ਦੀ ਤਿਉਂ ਪਈ ਹੈ;

ੲ) ਜੇਕਰ ਉਪਰੋਕਤ ਭਾਗ ੳ ਅਤੇ ਅ ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਬੰਧਤ ਬਿਲਡਿੰਗ ਵਿੱਚ ਬੱਸ ਅੱਡੇ ਨੂੰ ਚਲਾਉਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਕੀ ਉਕਤ ਸ਼ਹਿਰ ਵਿੱਚ ਨਵਾਂ ਬੱਸ ਅੱਡਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਸਾਲ 2000 ਤੋਂ ਲੈ ਕੇ 2022 ਹੁਣ ਤੱਕ ਅਪਰੂਵ ਕੀਤੀਆਂ ਕਲੋਨੀਆਂ ਅਤੇ ਪ੍ਰਾਜੈਕਟਾਂ ਦੇ ਵੇਰਵੇ

***393. (ਸੀ.ਯੂ.) ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪੰਜਾਬ ਵਿੱਚ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਸੁਧਾਰ ਟਰੱਸਟਾਂ ਅਤੇ ਹੋਰ ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ 2000 ਤੋਂ ਲੈ ਕੇ 2022 ਹੁਣ ਤੱਕ ਕਿੰਨੀਆਂ ਕਲੋਨੀਆਂ ਅਤੇ ਸਾਲ 2003 ਤੋਂ ਲੈ ਕੇ ਹੁਣ ਤੱਕ ਕਿੰਨੇ ਮੈਗਾ ਪ੍ਰਾਜੈਕਟ, ਸੁਪਰ ਮੈਗਾ ਪ੍ਰਾਜੈਕਟ, ਇੰਡਸਟੀਅਲ ਅਤੇ ਹਾਊਸਿੰਗ ਪ੍ਰਾਜੈਕਟ ਅਪਰੂਵ ਕੀਤੇ, ਇਨ੍ਹਾਂ ਕਲੋਨੀਆਂ/ਪ੍ਰਾਜੈਕਟਾਂ ਵਿੱਚ ਕਿੰਨੀ ਜਗ੍ਹਾ ਆਰਥਿਕ ਤੌਰ ਤੇ ਕਮਜੋਰ ਵਰਗ (EWS) ਲਈ ਰਾਖਵੀਂ ਰੱਖੀ ਗਈ; ਕੀ (EWS) ਲਈ ਰੱਖੀ ਰਾਖਵੀਂ ਜਗ੍ਹਾ ਦਾ ਕਬਜਾ ਸਬੰਧਤ ਸ਼ਹਿਰੀ ਸਥਾਨਕ ਸੰਸਥਾ ਵੱਲੋਂ ਲੈ ਲਿਆ ਗਿਆ ਹੈ; ਜੇਕਰ ਲੈ ਲਿਆ ਗਿਆ ਹੈ ਤਾਂ ਅਜਿਹੀ ਜ਼ਮੀਨ ਕਿੰਨੇ ਏਕੜ ਹੈ; ਜੇਕਰ ਨਹੀਂ ਤਾਂ ਕਬਜਾ ਕਿਉਂ ਨਹੀਂ ਲਿਆ ਗਿਆ ਅਤੇ ਕਦੋਂ ਤੱਕ ਲੈ ਲਿਆ ਜਾਵੇਗਾ;

ਅ) ਸਾਲ 2000 ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਸੁਧਾਰ ਟਰੱਸਟਾਂ ਅਤੇ ਹੋਰ ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਕਿੰਨੀ ਜਗ੍ਹਾ ਐਕੁਆਇਰ ਕਰ ਕੇ ਡਿਵੈਲਪ ਕੀਤੀ ਗਈ ਅਤੇ ਉਸ ਵਿੱਚੋਂ ਕਿੰਨੀ ਜਗ੍ਹਾ ਆਰਥਿਕ ਤੌਰ ਤੇ ਕਮਜੋਰ ਵਰਗ (EWS) ਲਈ ਰਾਖਵੀਂ ਰੱਖੀ ਗਈ ਸੀ ਅਤੇ ਉਸ ਵਿੱਚੋਂ ਕਿੰਨੀ ਜਗ੍ਹਾ ਅਜਿਹੇ ਵਰਗਾਂ ਨੂੰ ਅਲਾਟ ਕੀਤੀ ਗਈ ਹੈ;

ੲ) ਸਰਕਾਰ ਦੀ ਨੀਤੀ ਮੁਤਾਬਕ ਪੰਜਾਬ ਦੀਆਂ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਸੁਧਾਰ ਟਰੱਸਟਾਂ ਅਤੇ ਹੋਰ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਖੇਤਰ ਵਿੱਚ ਸਾਲ 2000 ਤੋਂ ਹੁਣ ਤੱਕ ਕਿੰਨੇ ਬਿਲਡਰਜ ਤੇ ਕਿੰਨੇ ਫਲੈਟਸ ਆਰਥਿਕ ਤੌਰ ਤੇ ਕਮਜੋਰ ਵਰਗ ਨੂੰ ਦਿੱਤੇ ਹਨ ਅਤੇ ਕਿੰਨਿਆਂ ਨੇ ਫਲੈਟਸ ਆਰਥਿਕ ਤੌਰ ਤੇ ਕਮਜੋਰ ਵਰਗਾਂ ਲਈ ਛਡੱਣ ਦੀ ਬਜਾਏ ਰਕਮ ਜਮਾਂ ਕਰਵਾਈ ਹੈ ਅਤੇ ਇਸ ਤਰ੍ਹਾਂ ਜਮਾਂ ਕਰਵਾਈ ਰਕਮ ਕਿੰਨੀ ਹੈ, ਸਬੰਧਤ ਰਕਮ ਕਿਸ ਹੈਡ ਵਿੱਚ ਰੱਖੀ ਗਈ ਹੈ ਅਤੇ ਉਸ ਰਕਮ ਨੂੰ ਕਦੋਂ ਅਤੇ ਕਿਸ ਮਕਸਦ ਲਈ ਖਰਚਣ ਦੀ ਤਜਵੀਜ਼ ਹੈ?

———

## ਪੰਜਾਬ ਦੇ ਵੱਖ-ਵੱਖ ਪੁਲਿਸ ਸਟੇਸ਼ਨਾਂ ਵਿੱਚ ਪਏ ਐਕਸੀਡੈਂਟਲ ਵਾਹਨਾਂ ਨੂੰ ਡਿਸਪੋਸ ਆਫ ਕਰਨਾ

***394. (ਸੀ.ਯੂ.) 1. ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.)**

**2. ਸ਼੍ਰੀ ਗੁਰਪ੍ਰੀਤ ਬੱਸੀ ਗੋਗੀ, ਐਮ.ਐਲ.ਏ)**

**3. ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.):-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਦੇ ਵੱਖ-ਵੱਖ ਪੁਲਿਸ ਸਟੇਸ਼ਨਾਂ ਵਿੱਚ ਅਤੇ ਇਨ੍ਹਾਂ ਦੇ ਆਸ-ਪਾਸ ਜਨਤਕ ਥਾਵਾਂ ਜਿਵੇਂ ਕਿ ਫੁੱਟਪਾਥਾਂ ਅਤੇ ਸੜਕ ਦੇ ਕਿਨਾਰਿਆਂ ਤੇ ਐਂਕਸੀਡੈਂਟਾਂ ਅਤੇ ਚੋਰੀ ਆਦਿ ਦੇ ਕੇਸਾਂ ਨਾਲ ਸਬੰਧਤ ਜੋ ਵਾਹਨ ਜਿਵੇਂ ਕਿ ਕਾਰਾਂ, ਬੱਸਾਂ, ਟਰੱਕ ਮੋਟਰਸਾਈਕਲ ਅਤੇ ਹੋਰ ਲਾਵਾਰਿਸ ਗੱਡੀਆਂ ਬਹੁਤ ਵੱਡੀ ਮਾਤਰਾ ਅਤੇ ਲੰਬੇ ਸਮੇਂ ਤੋਂ ਪਏ ਹਨ, ਉਨ੍ਹਾਂ ਦੀ ਗਿਣਤੀ ਕਿੰਨੀ ਹੈ;

ਅ) ਭਾਗ (ੳ) ਵਿੱਚ ਦਰਸਾਏ ਵਾਹਨਾਂ ਨੂੰ ਸਮਾਂ ਬੱਧ ਤਰੀਕੇ ਨਾਲ ਡਿਸਪੋਜ਼ ਆਫ ਕਰਨ ਲਈ ਕੀ ਸਰਕਾਰ ਪਾਸ ਕੋਈ ਪਾਲਿਸੀ ਹੈ; ਜੇਕਰ ਨਹੀਂ ਤਾਂ ਕੀ ਕੋਈ ਅਜਿਹੀ ਪਾਲਿਸੀ ਬਣਾਏ ਜਾਣ ਦੀ ਤਜਵੀਜ਼ ਹੈ?

———

## ਐਸ.ਏ.ਆਰ.ਐਫ.ਏ.ਈ.ਐਸ.ਆਈ.(SARFAESI) ਐਕਟ, 2002 ਦੀ ਦੁਰਵਰਤੋਂ ਤੋਂ ਨਾਗਰਿਕਾਂ ਦੀ ਸੁਰੱਖਿਆ

***396. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਸਰਕਾਰ ਕੋਲ ਐਸ.ਏ.ਆਰ.ਐਫ.ਏ.ਈ.ਐਸ.ਆਈ.(SARFAESI) ਐਕਟ, 2002 ਦੀ ਦੁਰਵਰਤੋਂ ਤੋਂ ਨਾਗਰਿਕਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕੋਈ ਨੀਤੀ ਹੈ ਅਤੇ ਇਸ ਐਕਟ ਅਧੀਨ ਕੇਸਾਂ ਦਾ ਫੈਸਲਾ ਕਰਨ ਵਾਲੇ ਅਧਿਕਾਰਤ ਅਧਿਕਾਰੀ/ਅਦਾਲਤਾਂ ਕਿਹੜੀਆਂ ਹਨ;

ਅ) ਕੀ ਇਸ ਐਕਟ ਅਧੀਨ ਕੇਸਾਂ ਦਾ ਫੈਸਲਾ ਕਰਨ ਲਈ ਕੋਈ ਸਟੈਂਡਰਡ ਉਪਰੇਟਿੰਗ ਪ੍ਰੋਸੀਜਰ (SOP) ਹੈ; ਜੇਕਰ ਹੈ ਤਾਂ ਕਿਹੜਾ;

ੲ) 25 ਜਨਵਰੀ,2022 ਤੋਂ ਲੈ ਕੇ 22 ਨਵੰਬਰ,2022 ਤੱਕ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੇ ਵੱਖ-ਵੱਖ ਦਫਤਰਾਂ/ਅਦਾਲਤਾਂ ਤੋਂ ਐਸ.ਏ.ਆਰ.ਐਫ. ਏ.ਈ.ਐਸ.ਆਈ.(SARFAESI) ਐਕਟ, 2002 ਅਧੀਨ ਜਾਰੀ ਸਾਰੇ ਹੁਕਮ ਵੇਰਵੇ ਸਹਿਤ ਦੱਸੇ ਜਾਣ?

_______

## ਪੰਜਾਬ ਸਰਕਾਰ ਦੇ ਰਿਟਾਇਰ ਹੋ ਚੁੱਕੇ ਸਿਵਲ (IAS/PCS) ਅਫ਼ਸਰਾਂ ਨੂੰ ਦਿੱਤੇ ਸੁਰੱਖਿਆ ਕਰਮਚਾਰੀਆਂ ਦੇ ਵੇਰਵੇ

***397. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਇਸ ਵੇਲੇ ਪੰਜਾਬ ਸਰਕਾਰ ਦੇ ਕਿਹੜੇ –ਕਿਹੜੇ ਸਿਵਲ (IAS/PCS) ਅਫ਼ਸਰਾਂ ਅਤੇ ਪੁਲਿਸ ਵਿਭਾਗ ਦੇ ਰਿਟਾਇਰਡ ਅਫ਼ਸਰਾਂ ਨੂੰ ਸੁਰੱਖਿਆ ਕਰਮਚਾਰੀ ਮੁਹੱਈਆ ਕਰਵਾਏ ਹੋਏ ਹਨ ਅਤੇ ਇਹ ਸੁਰੱਖਿਆ ਕਰਮਚਾਰੀ ਇਨ੍ਹਾਂ ਰਿਟਾਇਰਡ ਅਫ਼ਸਰਾਂ ਦੀ ਰਿਟਾਇਰਮੈਂਟ ਦੀ ਮਿਤੀ ਤੋਂ ਕਿੰਨੇ ਚਿਰ ਤੋਂ ਕੰਮ ਕਰ ਰਹੇ ਹਨ ਅਤੇ ਹਰ ਕੇਸ ਵਿੱਚ ਸੁਰੱਖਿਆ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਜਗਰਾਉਂ ਸ਼ਹਿਰ ਵਿੱਚ ਥਾਂ–ਥਾਂ ਤੇ ਪਏ ਕੂੜੇ ਦੇ ਢੇਰਾਂ ਨੂੰ ਹਟਾਉਣਾ

***400. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਸ਼ਹਿਰ ਵਿੱਚ ਥਾਂ–ਥਾਂ ਤੇ ਕੂੜੇ ਦੇ ਢੇਰ ਲੱਗੇ ਹੋਏ ਹਨ ਜਿਸ ਕਾਰਨ ਸਥਾਨਕ ਲੋਕਾਂ ਵਿੱਚ ਭਿਆਨਕ ਬਿਮਾਰੀਆਂ ਦੇ ਫੈਲਣ ਦਾ ਖਤਰਾ ਬਣਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਨ੍ਹਾਂ ਕੂੜੇ ਦੇ ਢੇਰਾਂ ਨੂੰ ਕਦੋਂ ਤੱਕ ਹਟਵਾ ਦੇਵੇਗੀ?

———

**ਅਬੋਹਰ ਕੈਨਾਲ ਉੱਪਰ ਮੌਜੂਦਾ ਪੁਲ ਅਤੇ ਹੋਰ ਪੁਲਾਂ ਨੂੰ ਨਵੇਂ ਬਣਾਉਣਾ**

***401. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਹਲਕੇ ਅਧੀਨ ਪੈਂਦੇ ਅਬੋਹਰ ਕੈਨਾਲ ਦੇ ਉੱਪਰ ਮੌਜੂਦ ਪੁਲ ਭਾਵ ਅਖਾੜਾ ਪੁਲ, ਬਾਰਦੇਕੇ ਪੁਲ ਅਤੇ ਡੱਲਾ ਪੁਲਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਪੁਲਾਂ ਨੂੰ ਨਵੇਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਹਲਕਾ ਜਗਰਾਉਂ ਵਿਖੇ ਚੱਲ ਰਹੀਆਂ ਕੋ-ਆਪ੍ਰੇਟਿਵ ਸੁਸਾਇਟੀਆਂ ਦਾ ਆਡਿਟ ਕਰਵਾਉਣਾ**

***403. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਗਰਾਉਂ ਵਿਖੇ ਚੱਲ ਰਹੀਆਂ ਕੋ-ਆਪ੍ਰੇਟਿਵ ਸੁਸਾਇਟੀਆਂ ਦਾ ਆਡਿਟ (ਲੇਖਾ) ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਹਲਕਾ ਜਗਰਾਉਂ ਦੇ ਪਿੰਡ ਚੱਕਰ ਵਿਖੇ ਬਾਕਸਿੰਗ ਹੱਬ ਬਣਾਉਣਾ**

***407. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਦਾ ਪਿੰਡ ਚੱਕਰ ਬਾਕਸਿੰਗ ਦੇ ਲਈ ਬਹੁਤ ਮਸ਼ਹੂਰ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਇੱਥੇ ਬਾਕਸਿੰਗ ਹੱਬ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਅਜਿਹਾ ਕਰ ਦਿੱਤਾ ਜਾਵੇਗਾ?

———

## ਗੁਰੂਦੁਆਰਾ ਮਹਿਦਿਆਣਾ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਮਾਰਗ ਨਾਲ ਜੋੜਣਾ

***408. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਵਿਖੇ ਗੁਰੂਦੁਆਰਾ ਮਹਿਦਿਆਣਾ ਸਾਹਿਬ ਇੱਕ ਇਤਿਹਾਸਕ ਸਥਾਨ ਹੈ;

ਅ) ਕੀ ਇਹ ਵੀ ਠੀਕ ਹੈ ਕਿ ਇਸ ਸਥਾਨ ਨੂੰ ਗੁਰੂ ਗੋਬਿੰਦ ਸਿੰਘ ਮਾਰਗ ਨਾਲ ਨਹੀਂ ਜੋੜਿਆ ਗਿਆ; ਜੇਕਰ ਅਜਿਹਾ ਹੈ ਤਾਂ ਇਸ ਇਤਿਹਾਸਕ ਗੁਰੂਦੁਆਰਾ ਸਾਹਿਬ ਨੂੰ ਕਦੋਂ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਨਾਲ ਜੋੜਿਆ ਜਾਵੇਗਾ;

ੲ) ਇਸ ਦੇ ਸਾਹਮਣੇ ਬਣੀ ਸੜਕ ਕਦੋਂ ਤੱਕ 18 ਫੁੱਟ ਦੀ ਬਣਾ ਦਿੱਤੀ ਜਾਵੇਗੀ?

———

## ਜਗਰਾਉਂ ਦੇ ਐਸ.ਐਸ.ਪੀ. ਦਫਤਰ ਲਈ ਜਗ੍ਹਾ ਦਾ ਪ੍ਰਬੰਧ ਕਰਨਾ

***409. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਵਿੱਚ ਐਸ.ਐਸ.ਪੀ. ਦਫਤਰ ਦਾ ਕੰਮ ਪੀ.ਡਬਲਯੂ.ਡੀ. ਦੀ ਬਿਲਡਿੰਗ ਵਿੱਚ ਚਲਾਇਆ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਪੁਲਿਸ ਲਾਈਨ ਲਈ ਜਗ੍ਹਾ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਜਗਰਾਉਂ ਹਲਕੇ ਦੇ ਬੇਟ ਇਲਾਕੇ ਲਈ ਆਈ.ਟੀ.ਆਈ. ਦਾ ਨਿਰਮਾਣ ਕਰਵਾਉਣਾ

***410. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਗਰਾਉਂ ਹਲਕੇ ਦੇ ਬੇਟ ਇਲਾਕੇ ਵਿੱਚ ਆਈ.ਟੀ.ਆਈ. ਦਾ ਨਿਰਮਾਣ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

______

## ਨਵੀਂ ਆਬਕਾਰੀ ਨੀਤੀ ਨਾਲ ਹੋਏ ਲਾਭ ਦੇ ਵੇਰਵੇ

***413. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਜੋ ਨਵੀਂ ਆਬਕਾਰੀ ਨੀਤੀ ਲਾਗੂ ਕੀਤੀ ਗਈ ਹੈ; ਇਸ ਨਾਲ ਰਾਜ ਨੂੰ ਕਿੰਨਾ ਲਾਭ ਹੋਇਆ ਹੈ; ਵੇਰਵੇ ਦਿੱਤੇ ਜਾਣ;

ਅ) ਪਹਿਲਾਂ ਦੇ ਮੁਕਾਬਲੇ ਵਧੇਰੇ ਮੁਨਾਫਾ ਕਮਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

______

**ਰਾਜ ਦੀਆਂ ਸਰਕਾਰੀ ਮਨਜ਼ੂਰਸ਼ੁਦਾ ਰੇਤ ਖੱਡਾਂ ਤੋਂ ਹੋਈ ਆਮਦਨ ਦੇ ਵੇਰਵੇ**

***416. (ਸੀ.ਯੂ.)1. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.)**

**2. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ)**

**3. ਸਰਦਾਰ ਸੁਖਪਾਲ ਸਿੰਘ ਖਹਿਰਾ)**

**4. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਐਮ.ਐਲ.ਏ)**

**5. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.):–**

ਕੀ ਮਾਈਨਜ਼ ਅਤੇ ਜਿਓਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਮੌਜੂਦਾ ਵਕਤ ਵਿੱਚ ਰਾਜ ਵਿੱਚ ਰੇਤਾ ਦੀਆਂ ਕੁੱਲ ਕਿੰਨੀਆਂ ਸਰਕਾਰੀ ਮੰਨਜ਼ੂਰ ਸ਼ੁਦਾ ਖੱਡਾਂ ਹਨ ਅਤੇ ਪ੍ਰਤੀ ਫੁੱਟ ਰੇਤ ਅਤੇ ਬੱਜਰੀ ਦੇ ਕੀ ਰੇਟ ਹਨ;

ਅ) ਮਿਤੀ 10/3/2022 ਤੋਂ ਲੈ ਕੇ ਹੁਣ ਤੱਕ ਰੇਤ ਖੱਡਾਂ ਤੋਂ ਸਰਕਾਰ ਨੂੰ ਕਿੰਨੀ ਆਮਦਨ ਪ੍ਰਾਪਤ ਹੋਈ ਹੈ; ਵੇਰਵੇ ਸਹਿਤ ਦੱਸਿਆ ਜਾਵੇ;

ੲ) ਮਿਤੀ 1/4/2022 ਤੋਂ ਲੈ ਕੇ ਹੁਣ ਤੱਕ ਨਜਾਇਜ਼ ਮਾਈਨਿੰਗ ਕਰਨ ਵਾਲਿਆਂ ਵਿਰੁੱਧ ਕੁੱਲ ਕਿੰਨੇ ਕੇਸ ਰਜਿਸਟਰਡ ਹੋਏ ਹਨ ਅਤੇ ਨਜਾਇਜ਼ ਮਾਈਨਿੰਗ ਕਰਨ ਵਾਲੇ ਕਿੰਨੇ ਲੋਕ ਇਸ ਵਕਤ ਜੇਲ੍ਹਾਂ ਵਿੱਚ ਬੰਦ ਹਨ; ਵੇਰਵੇ ਸਹਿਤ ਦੱਸਿਆ ਜਾਵੇ;

ਸ) ਕੀ ਰੇਤੇ ਸਬੰਧੀ Policy ਬਣ ਚੁੱਕੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

———

## ਹਲਕਾ ਬੰਗਾ ਦੇ ਗੰਨਾ ਕਾਸ਼ਤਕਾਰਾਂ ਦੀ ਸ਼ੂਗਰ ਮਿੱਲ ਵੱਲ ਰਹਿੰਦੀ ਬਕਾਇਆ ਰਾਸ਼ੀ ਦੇ ਵੇਰਵੇ

***417. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਵਿਧਾਨ ਸਭਾ ਹਲਕਾ ਬੰਗਾ ਦੇ ਗੰਨਾ ਕਾਸ਼ਤਕਾਰਾਂ ਦੇ ਸ਼ੂਗਰ ਮਿੱਲ, ਫਗਵਾੜਾ ਤੋਂ ਇਲਾਵਾ ਹੋਰ ਕਿਹੜੇ-ਕਿਹੜੇ ਸ਼ੂਗਰ ਮਿੱਲਾਂ ਵੱਲ ਗੰਨੇ ਦੀ ਪਿੜਾਈ ਦੇ ਕਿਹੜੇ-ਕਿਹੜੇ ਸੀਜਨ ਦੀ ਕਿੰਨੀ-ਕਿੰਨੀ ਪੇਮੈਂਟ ਪੈਂਡਿੰਗ ਹੈ, ਕਿਸਾਨਾਂ ਨੂੰ ਸਮੇਂ ਸਿਰ ਪੇਮੈਂਟ ਨਾ ਕਰਨ ਦੇ ਕੀ ਕਾਰਨ ਹਨ ਅਤੇ ਕਿਸਾਨਾਂ ਦੇ ਰਹਿੰਦੇ ਬਕਾਏ ਕਦੋਂ ਤੱਕ ਜਾਰੀ ਕਰ ਦਿੱਤੇ ਜਾਣਗੇ ਅਤੇ ਅੱਗੇ ਤੋਂ ਕਿਸਾਨਾਂ ਨੂੰ ਸਮੇ ਂ ਸਿਰ ਪੇਮੈਂਟ ਅਦਾ ਕਰਨ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਕੀ ਪਾਲਿਸੀ ਹੈ;

ਅ) ਸ਼ੂਗਰ ਮਿੱਲ ਦਾ ਮਾਲਕ ਬਦਲਣ ਦੀ ਸੂਰਤ ਵਿੱਚ ਪਿਛਲੇ ਮਿੱਲ ਮਾਲਕ ਵੱਲ ਕਿਸਾਨਾਂ ਦੇ ਬਕਾਏ ਅਦਾ ਕਰਨ ਦੀ ਜਿੰਮੇਵਾਰੀ ਕਿਸ ਦੀ ਹੋਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

———

## ਸਾਲ 2022 ਤੋਂ ਹੁਣ ਤੱਕ ਨਸ਼ੇ ਨਾਲ ਹੋਈਆਂ ਮੌਤਾਂ ਦੇ ਵੇਰਵੇ

***421. (ਸੀ.ਯੂ.) 1. ਸ਼੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ.)**

**2. ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਐਮ.ਐਲ.ਏ.):–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2022 ਤੋਂ ਹੁਣ ਤੱਕ ਰਾਜ ਵਿੱਚ ਜ਼ਿਲ੍ਹਾਵਾਰ ਕਿਨੀਆਂ ਮੌਤਾਂ ਨਸ਼ੇ ਦੀ ਓਵਰ ਡੋਜ਼ ਲੈਣ ਕਾਰਨ ਹੋਈ ਹੈ ਅਤੇ ਅਜਿਹੀਆਂ ਮੌਤਾਂ ਨੂੰ ਰੋਕਣ ਲਈ ਸੂਬਾ ਸਰਕਾਰ ਵੱਲੋਂ ਕੀ ਠੋਸ ਕਦਮ ਉਠਾਏ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

———

## ਪ੍ਰਾਈਵੇਟ ਬੱਸਾਂ ਨੂੰ ਜਾਰੀ ਕੀਤੇ ਪਰਮਿਟਾਂ ਸਬੰਧੀ

***422. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਕਾਫੀ ਸਮੇਂ ਦੋਰਾਨ ਪ੍ਰਾਈਵੇਟ ਬੱਸਾਂ ਦੇ ਪਰਮਿਟ ਹੱਦ ਤੋਂ ਵੱਧ ਜਾਰੀ ਕੀਤੇ ਗਏ ਸਨ, ਜਿਸ ਨਾਲ ਰਾਜ ਸਰਕਾਰ ਦੇ ਮਾਲੀਏ ਦਾ ਕਾਫੀ ਨੁਕਸਾਨ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਕਮਰਸ਼ੀਅਲ ਵਾਹਨਾਂ ਦੇ ਕੰਮ ਜਿਲ੍ਹਾ ਪੱਧਰ ਤੇ ਕਰਵਾਉਣਾ

*425. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:– ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕਮਰਸ਼ੀਅਲ ਵਾਹਨਾਂ ਦੀ ਪਾਸਿੰਗ, ਰਜਿਸਟ੍ਰੇਸ਼ਨ ਅਤੇ ਹੋਰ ਕਾਗਜ਼ਾਂ ਪੱਤਰਾਂ ਸਬੰਧੀ ਕੰਮ ਦੁਬਾਰਾ ਤੋਂ ਜ਼ਿਲ੍ਹਾ ਪੱਧਰ ਤੇ ਸ਼ੁਰੂ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ ਇਹ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

———

## ਟੋਲ ਪਲਾਜ਼ਿਆਂ ਵੱਲੋਂ ਚਲਾਈਆਂ ਜਾਂਦੀਆਂ ਐਂਬੂਲੈਂਸਾਂ ਦੇ ਵੇਰਵੇ

***426. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਵੱਖ-ਵੱਖ ਟੋਲ ਪਲਾਜ਼ਿਆਂ ਨੂੰ ਚਲਾਉਣ ਵਾਲੀਆਂ ਕੰਪਨੀਆਂ ਵੱਲੋਂ ਕਾਨੂੰਨ ਅਨੁਸਾਰ ਉਪਲਬਧ ਕਰਵਾਈਆਂ ਜਾਣ ਵਾਲੀਆਂ ਐਂਬੂਲੈਂਸਾਂ ਵਿੱਚ ਵੱਡੀ ਪੱਧਰ ਤੇ ਖਾਮੀਆਂ ਪਾਈਆਂ ਜਾ ਰਹੀਆਂ ਹਨ; ਜ਼ੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਕੀਤੀ ਗਈ ਕਾਰਵਾਈ ਦੇ ਵੇਰਵੇ ਦਿੱਤੇ ਜਾਣ;

ਅ) ਸੂਬੇ ਵਿੱਚ ਟੋਲ ਪਲਾਜ਼ਿਆਂ ਉਪਰ ਪਰਚੀ ਕਟਾਉਣ ਵੇਲੇ ਲਾਈਨਾਂ ਲੱਗਣ ਕਰਕੇ ਕਾਫੀ ਸਮਾਂ ਲੱਗ ਜਾਣ ਕਾਰਨ ਲੋਕ ਪ੍ਰੇਸ਼ਾਨ ਹੁੰਦੇ ਹਨ; ਕੀ ਇਸ ਸਮੱਸਿਆ ਦੇ ਹੱਲ ਲਈ ਟੋਲ ਕੰਪਨੀਆਂ ਨੂੰ ਕੋਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜਾਂ ਉਨ੍ਹਾਂ ਖਿਲਾਫ ਕੋਈ ਕਾਰਵਾਈ ਕੀਤੀ ਜਾ ਰਹੀ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

———

## ਪੰਜਾਬ ਦੇ ਟਰੱਕ ਆਪਰੇਟਰਾਂ ਦੇ ਹੱਕ ਬਚਾਉਣ ਲਈ ਨੀਤੀ ਤਿਆਰ ਕਰਨਾ

***427. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਟਰਾਂਸੋਪਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਿਮਾਚਲ ਦੇ ਨਾਲ ਲੱਗਦੇ ਪੰਜਾਬ ਦੇ ਜ਼ਿਲ੍ਹਿਆਂ ਦੇ ਟਰੱਕ ਜਦੋਂ ਹਿਮਾਚਲ ਪ੍ਰਦੇਸ਼ ਜਾਂਦੇ ਹਨ ਤਾਂ ਉਥੋਂ ਉਨ੍ਹਾਂ ਨੂੰ ਵਾਪਸੀ ਵੇਲੇ ਹਿਮਾਚਲ ਦੀ ਇੰਡਸਟਰੀ ਤੋਂ ਕੋਈ ਵੀ ਸਮਾਨ ਸੀਮਿੰਟ ਆਦਿ ਨਹੀਂ ਭਰਨ ਦਿੱਤਾ ਜਾਂਦਾ ਜਦਕਿ ਜਦੋਂ ਹਿਮਾਚਲ ਦੇ ਟਰੱਕ ਪੰਜਾਬ ਆਉਂਦੇ ਹਨ ਤਾਂ ਉਹ ਇੱਥੋਂ ਵੱਖ-ਵੱਖ ਤਰ੍ਹਾਂ ਦਾ ਮਟੀਰੀਅਲ ਭਰ ਕੇ ਲੈ ਕੇ ਜਾਂਦੇ ਹਨ, ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸਬੰਧੀ ਪੰਜਾਬ ਦੇ ਟਰੱਕ ਆਪਰੇਟਰਾਂ ਦੇ ਹੱਕ ਬਚਾਉਣ ਲਈ ਸਰਕਾਰ ਹਿਮਾਚਲ ਸਰਕਾਰ ਨਾਲ ਜਾਂ ਕੇਂਦਰ ਸਰਕਾਰ ਨਾਲ ਕੋਈ ਵਿਚਾਰ ਵਟਾਂਦਰਾ ਕਰ ਰਹੀ ਹੈ ਜਾਂ ਕੋਈ ਨੀਤੀ ਤਿਆਰ ਕਰ ਰਹੀ ਹੈ ?

———

## ਗੈਰ ਸਰਕਾਰੀ ਕਾਲਜਾਂ ਚਲਾਉਣ ਵਾਲੇ ਟਰਸਟਾਂ ਖਿਲਾਫ਼ ਕਾਰਵਾਈ

***428. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਮਿਤੀ 30/04/2014 ਨੂੰ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਨੂੰ ਲਿਖੇ ਪੱਤਰ ਵਿੱਚ ਗੈਰ ਸਰਕਾਰੀ ਕਾਲਜਾਂ ਨੂੰ ਚਲਾਉਣ ਵਾਲੇ ਟਰਸਟਾਂ ਦੇ ਵਿੱਤੀ ਖਾਤਿਆਂ ਵਿੱਚ ਵੱਡੀ ਪੱਧਰ ਤੇ ਬੇਨਿਯਮੀਆਂ ਸਬੰਧੀ ਕਾਰਵਾਈ ਕਰਨ ਲਈ ਕਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਮਾਮਲੇ ਤੇ ਹੁਣ ਤੱਕ ਕੀਤੀ ਗਈ ਕਾਰਵਾਈ ਦੇ ਵੇਰਵੇ ਦਿੱਤੇ ਜਾਣ?

---

## ਰੂਪਨਗਰ ਵਿਖੇ ਨਸ਼ਾ ਛੁੜਾਉ ਕੇਂਦਰ ਦੀ ਮੌਜੂਦਾ ਸਥਿਤੀ

***429. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੂਪਨਗਰ ਵਿੱਚ ਨਸ਼ਾ ਛੁਡਾਉ ਕੇਂਦਰ ਦੀ ਬਿਲਡਿੰਗ ਕਦੋਂ ਅਤੇ ਕਿੰਨੇ ਪੈਸੇ ਖਰਚ ਕੇ ਬਣਾਈ ਗਈ ਸੀ; ਇਸ ਬਿਲਡਿੰਗ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਬਿਲਡਿੰਗ ਦਾ ਸਦਉਪਯੋਗ ਕਰਨ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

---

## ਸਾਲ 2006 ਅਤੇ 2013 ਵਿੱਚ ਬਣੀ ਟੋਲ ਪਾਲਿਸੀ ਦੇ ਰੇਟ

***430. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਵਿੱਚ ਸਾਲ 2006 ਵਿੱਚ ਬਣੀ ਟੋਲ ਪਾਲਿਸੀ ਦੇ ਬੇਸਿਕ ਟੋਲ ਰੇਟ ਅਤੇ 2013 ਵਿੱਚ ਬਣੀ ਟੋਲ ਪਾਲਿਸੀ ਦੇ ਬੇਸਿਕ ਟੋਲ ਰੇਟ ਕੀ ਸਨ; ਕੀ ਇਹ ਘੱਟ ਸਨ, ਜੇਕਰ ਹਾਂ ਤਾਂ ਇਸ ਦੇ ਕੀ ਕਾਰਨ ਹਨ?

---

## ਨਗਰ ਕੌਂਸਲ ਵਿੱਚ ਕਲੈਰੀਕਲ ਸਟਾਫ ਦੀਆਂ ਬਦਲੀਆਂ ਕਰਨ ਸਬੰਧੀ ਨਿਯਮ

***432. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਕੋ ਨਗਰ ਕੌਂਸਲ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਕਲੈਰੀਕਲ ਸਟਾਫ ਦੀਆਂ ਬਦਲੀਆਂ ਕਰਨ ਸਬੰਧੀ ਕੋਈ ਨਿਯਮ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਰਾਮਪੁਰਾ ਸ਼ਹਿਰ ਅਤੇ ਫੂਲ ਵਿਖੇ ਸੀਵਰੇਜ਼ ਡਿਸਪੋਜ਼ਲ ਬਣਾਉਣਾ

***433. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਮਪੁਰਾ ਸ਼ਹਿਰ ਅਤੇ ਫੂਲ ਦਾ ਸੀਵਰੇਜ ਸਿਸਟਮ ਅਲੱਗ ਕਰਕੇ ਡਿਸਪੋਜ਼ਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਨਗਰ ਪੰਚਾਇਤ ਮਹਿਰਾਜ ਵਿਖੇ ਫਾਇਰ ਸਟੇਸ਼ਨ ਲਈ ਬਿਲਡਿੰਗ ਬਣਾਉਣਾ ਅਤੇ ਸੜਕਾਂ/ਗਲੀਆਂ ਪੱਕੀਆਂ ਕਰਨ ਲਈ ਜਾਰੀ ਕੀਤੇ ਫੰਡਾਂ ਦੇ ਵੇਰਵੇ

***434. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਨਗਰ ਪੰਚਾਇਤ ਮਹਿਰਾਜ ਵਿਖੇ ਫਾਇਰ ਸਟੇਸ਼ਨ ਸਥਾਪਿਤ ਕਰਨ ਲਈ ਬਿਲਡਿੰਗ ਬਣਾਉਣ ਅਤੇ ਲੋੜੀਂਦਾ ਸਟਾਫ ਮੁਹੱਈਆ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ;

ਅ) ਕੀ ਨਗਰ ਪੰਚਾਇਤ ਮਹਿਰਾਜ ਵਿੱਚ ਵਾਟਰ ਸਪਲਾਈ ਦੀ ਪਾਈਪ ਲਾਈਨ ਦਾ ਕੰਮ ਮੁਕੰਮਲ ਹੋਣ ਉਪਰੰਤ ਸਰਕਾਰ ਦੁਆਰਾ ਸੜਕਾਂ/ਗਲੀਆਂ ਪੱਕੀਆਂ ਕਰਨ ਦੇ ਮੰਤਵ ਲਈ ਕੋਈ ਲੋੜੀਂਦਾ ਫੰਡ ਜਾਰੀ ਕੀਤਾ ਗਿਆ ਹੈ; ਜੇਕਰ ਕੀਤਾ ਗਿਆ ਹੈ ਤਾਂ ਇਹ ਕਦੋਂ ਤੱਕ ਰਲੀਜ਼ ਕਰ ਦਿੱਤਾ ਜਾਵੇਗਾ?

———

## ਟੋਲ ਪਲਾਜ਼ਾ ਸਹੀ ਜਗ੍ਹਾ ਤਬਦੀਲ ਕਰਨਾ

***436. (ਸੀ.ਯੂ.) ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਟੋਲ ਪਲਾਜ਼ਾ ਜਿਸ ਸੜਕ ਤੇ ਸਥਿਤ ਹੈ, ਉਹ ਪਹਿਲਾਂ ਨੈਸ਼ਨਲ ਹਾਇਵੇ 71 ਸੀ ਅਤੇ ਹੁਣ ਉਸਨੂੰ ਨੈਸ਼ਨਲ ਹਾਈਵੇ 703 ਬਣਾ ਦਿੱਤਾ ਹੈ। ਸਹਿਣਾ, ਭਦੌੜ, ਭਗਤਾ ਭਾਈਕਾ, ਬਾਜਾਖਾਨਾ, ਤੋਂ ਬਰਵਾਲਾ ਲੁਧਿਆਣਾ ਨੂੰ ਆਉਣ-ਜਾਣ ਵਾਲੇ ਲੋਕ ਜਿਆਦਾਤਰ ਸਟੇਟ ਹਾਈਵੇ ਦੀ ਵਰਤੋਂ ਕਰਦੇ ਹਨ ਪਰ ਇਹ ਟੋਲ-ਪਲਾਜ਼ਾ ਗਲਤ ਜਗ੍ਹਾ ਸਥਿਤ ਹੋਣ ਕਾਰਨ ਪ੍ਰਾਈਵੇਟ ਕੰਪਨੀਆਂ ਫਾਇਦਾ ਲੈ ਰਹੀਆਂ ਹਨ, ਕੀ ਇਸ ਟੋਲ ਪਲਾਜ਼ਾ ਨੂੰ ਸਹੀ ਜਗ੍ਹਾ ਤਬਦੀਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਹਲਕਾ ਦਸੂਹਾ ਵਿਖੇ ਬਣਨ ਵਾਲੇ ਸਰਕਾਰੀ ਕਾਲਜ ਦੀ ਤਾਜ਼ਾ ਸਥਿਤੀ**

***441. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਦਸੂਹਾ ਵਿਖੇ ਜੋ ਸਰਕਾਰੀ ਕਾਲਜ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਸੀ, ਉਸ ਨੂੰ ਸ਼ੁਰੂ ਕਰਨ ਲਈ ਟੈਂਡਰ ਲਗਾ ਦਿੱਤੇ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਨ ਹਨ;

ਅ) ਸਰਕਾਰ ਵੱਲੋਂ ਕਦੋਂ ਤੱਕ ਇਸ ਕਾਲਜ਼ ਨੂੰ ਬਣਾਉਣ ਦੀ ਤਜਵੀਜ਼ ਹੈ?

______

**ਨਗਰ ਕੌਂਸਲ ਪਾਇਲ ਦੇ ਅਧਿਕਾਰੀਆਂ ਨੂੰ ਮਿਲਣ ਵਾਲੀ ਤਨਖਾਹ ਦੇ ਵੇਰਵੇ**

***443. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਕੌਂਸਲ ਪਾਇਲ ਅਤੇ ਨਗਰ ਕੌਂਸਲ ਮਲੌਦ ਆਪਣੇ ਅਧਿਕਾਰੀਆਂ ਨੂੰ ਤਨਖਾਹ ਦੇਣ ਤੋਂ ਅਸਮਰਥ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਕੌਂਸਲ ਨੂੰ ਵਿੱਤੀ ਸਹਾਇਤਾ ਦੇਣ ਲਈ ਕੋਈ ਕਾਰਵਾਈ ਕਰ ਰਹੀ ਹੈ?

______

**Sportsking ਬਰਮਾਲੀਪੁਰ ਫੈਕਟਰੀ ਵਿੱਚੋਂ ਨਿਕਲਦੇ ਪਾਣੀ ਦੀ ਸਮੱਸਿਆ**

*444. **(ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ Sportsking ਬਰਮਾਲੀਪੁਰ (ਹਲਕਾ ਪਾਇਲ) ਫੈਕਟਰੀ ਵਿੱਚੋਂ ਨਿਕਲਦਾ ਪਾਣੀ ਧਰਤੀ ਵਿੱਚ ਪਾਇਆ ਜਾ ਰਿਹਾ ਹੈ; ਜੇ ਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਸਰਕਾਰ ਕੀ ਕਾਰਵਾਈ ਕਰ ਰਹੀ ਹੈ;

ਅ) Sportsking ਬਰਮਾਲੀਪੁਰ (ਹਲਕਾ ਪਾਇਲ) ਫੈਕਟਰੀ ਨੇੜੇ ਮੋਟਰਾਂ ਵਿੱਚੋਂ ਰੰਗਦਾਰ ਪਾਣੀ ਨਿਕਲਣ ਦਾ ਕੀ ਕਾਰਨ ਹੈ?

———

**ਸ਼ਗਨ ਸਕੀਮ ਤਹਿਤ ਲਾਭਪਾਤਰੀਆਂ ਨੂੰ ਜਾਰੀ ਕੀਤੀ ਰਾਸ਼ੀ ਦੇ ਵੇਰਵੇ**

***445. (ਸੀ.ਯੂ.) 1. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.)**

**2. ਡਾ . ਸੁਖਵਿੰਦਰ ਕੁਮਾਰ, ਐਮ.ਐਲ.ਏ.)**

**3. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.)**

**4. ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਐਮ.ਐਲ.ਏ.):–** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਰਾਜ ਸਰਕਾਰ ਵੱਲੋਂ ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਤਹਿਤ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹਾਂ ਤੇ ਕਿੰਨਾ ਸ਼ਗਨ ਦਿੱਤਾ ਜਾਂਦਾ ਹੈ, ਅਕਤੂਬਰ, 2021 ਤੋਂ ਲੈ ਕੇ ਹੁੱਣ ਤੱਕ ਕਿੰਨੇ ਲਾਭਪਾਤਰੀਆਂ ਨੂੰ ਵਿਆਹ ਤੋਂ ਕਿੰਨੇ-ਕਿੰਨੇ ਸਮੇਂ ਬਾਅਦ ਸ਼ਗਨ ਦਿੱਤਾ ਗਿਆ ਸੀ;

ਅ) ਕਿੰਨੇ ਲਾਭਪਾਤਰੀਆਂ ਨੂੰ ਅਜੇ ਤੱਕ ਸ਼ਗਨ ਦੇਣਾ ਬਕਾਇਆ ਹੈ; ਇਨ੍ਹਾਂ ਸਾਰੇ ਲਾਭਪਾਤਰੀਆਂ ਨੂੰ ਸ਼ਗਨ ਸਕੀਮ ਦੇ ਪੈਸਿਆਂ ਦੀ ਅਦਾਇਗੀ ਸਮੇਂ ਸਿਰ ਨਾ ਕਰਨ ਦੇ ਕੀ ਕਾਰਨ ਹਨ ਅਤੇ ਕਦੋਂ ਤੱਕ ਇਨ੍ਹਾਂ ਨੂੰ ਸ਼ਗਨ ਦੀ ਅਦਾਇਗੀ ਕਰ ਦਿੱਤੀ ਜਾਵੇਗੀ, ਵੇਰਵੇ ਸਹਿਤ ਦੱਸਿਆ ਜਾਵੇ?

———

## ਲੋਕਾਂ ਦੇ ਘਰਾਂ ਉੱਪਰੋਂ ਲੰਘਦੀਆਂ ਹਾਈ ਵੋਲਟੇਜ਼ ਤਾਰਾਂ ਹਟਵਾਉਣਾ

***446. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸੰਘਣੀ ਵਸੋਂ ਵਾਲੇ ਘਰਾਂ ਉੱਪਰੋਂ ਲੰਘਦੀਆਂ ਹਾਈ ਵੋਲਟੇਜ਼ ਤਾਰਾਂ ਦੀ ਦਿਸ਼ਾ ਬਲਦਣ ਦੀ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਹੈ ਤਾਂ ਇਸ ਯੋਜਨਾ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ;

ਅ) ਕੀ ਇਹ ਵੀ ਠੀਕ ਹੈ ਕਿ ਪਿੰਡ ਭੀਖੀ ਵਿਖੇ ਐਸ.ਸੀ. ਪਰਿਵਾਰਾਂ ਦੇ ਘਰਾਂ ਉਪਰੋਂ ਹਾਈ ਵੋਲਟੇਜ਼ ਤਾਰਾਂ ਹਟਾਉਣ ਲਈ ਵਿਭਾਗ ਨੂੰ ਪੱਤਰ ਲਿਖੇ ਗਏ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਤੇ ਕੀ ਕਾਰਵਾਈ ਕੀਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ?

———

## ਸ਼੍ਰੀ ਗੁਰੂ ਹਰਗੋਬਿੰਦ ਸਿੰਘ ਸਰਕਾਰੀ ਹਸਪਤਾਲ ਦੋਰਾਹਾ ਦੀ ਤਾਜਾ ਸਥਿਤੀ

***447. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੋਰਾਹਾ ਵਿਖੇ ਬਣ ਰਹੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਸਰਕਾਰੀ ਹਸਪਤਾਲ ਦੀ ਇਮਾਰਤ ਦਾ ਕੰਮ ਮੁਕੰਮਲ ਹੋ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ; ਇਸ ਵਿਚਲੀਆਂ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

———

## ਨਜਾਇਜ਼ ਕਲੋਨੀ ਤੇ ਕੀਤੀ ਗਈ ਉਸਾਰੀ ਤੇ ਕਾਰਵਾਈ

***448. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਗਿਆਸਪੁਰਾ, ਜ਼ਿਲ੍ਹਾ ਲੁਧਿਆਣਾ ਦੇ ਸਰਪੰਚ ਵੱਲੋਂ ਗਿਆਸਪੁਰਾ ਸਥਿਤ 33 ਫੁੱਟ ਰੋਡ ਤੇ ਆਪਣੀ ਜ਼ਮੀਨ ਤੇ ਨਾਜਾਇਜ਼ ਕਲੋਨੀ ਕੱਟੀ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਵਿੱਚ ਹੋ ਰਹੀਆਂ ਨਾਜਾਇਜ਼ ਉਸਾਰੀਆਂ ਨੂੰ ਰੋਕਣ ਲਈ ਕੋਈ ਕਾਰਵਾਈ ਕਰੇਗੀ?

———

## ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਛੁੱਟੀ ਤੋਂ ਬਾਅਦ ਖੇਡਣ ਦੀ ਪ੍ਰਵਾਨਗੀ ਦੇਣਾ

***450. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਸਕੂਲਾਂ ਦੇ ਗਰਾਊਂਡ ਵਿੱਚ ਛੁੱਟੀ ਤੋਂ ਬਾਅਦ ਬੱਚੇ ਉਹਨਾਂ ਸਕੂਲਾਂ ਵਿੱਚ Practice ਕਰ ਸਕਦੇ ਹਨ;

ਅ) ਜੇਕਰ ਅਜਿਹਾ ਹੈ ਤਾਂ ਮੋਹਾਲੀ ਵਿੱਖੇ 3ਨ੍2 ਵਿੱਚ ਸਥਿਤ ਸਰਕਾਰੀ ਸਕੂਲ ਵਿੱਚ ਬੱਚਿਆਂ ਨੂੰ ਸ਼ਾਮ ਨੂੰ ਖੇਡਣ ਦੀ ਪ੍ਰਵਾਨਗੀ ਕਿਉਂ ਨਹੀਂ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਟਰਾਂਸਫਰ ਦੀ ਪਾਲਿਸੀ ਦੇ ਵੇਰੇਵੇ

***451. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਧਿਆਪਕਾਂ ਲਈ ਟਰਾਂਸਫਰ ਦੀ ਕੀ ਪਾਲਿਸੀ ਹੈ ਅਤੇ ਪਿਛਲੇ 6 ਮਹੀਨਿਆਂ ਵਿੱਚ ਪਾਲਿਸੀ ਤੋਂ ਬਾਹਰ ਜਾ ਕੇ ਕਿੰਨੇ ਅਧਿਆਪਕਾਂ ਦੀ ਬਦਲੀ ਕੀਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ?

---

## ਪਾਇਲ ਤੋਂ ਭਾਡੇਵਾਲ ਤੱਕ ਸੜਕ ਬਣਾਉਣਾ

***452. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਾਇਲ ਤੋਂ ਭਾਡੇਵਾਲ, ਭਾਡੇਵਾਲ ਤੋਂ ਮਲੌਦ ਅਤੇ ਰਾੜਾ ਸਾਹਿਬ ਤੋਂ ਮਲੌਦ ਤੱਕ ਬਣਨ ਵਾਲੀ ਸੜਕ ਬਣਾਉਣ ਦੀ ਮਿਆਦ ਕਿਹੜੀ ਤਾਰੀਖ ਤੱਕ ਸੀ ਅਤੇ ਇਸ ਸੜਕ ਦਾ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ;

ਅ) ਜੇਕਰ ਠੇਕੇਦਾਰ ਵੱਲੋਂ ਸੜਕ ਬਣਾਉਣ ਦੀ ਮਿਆਦ ਲੰਘਾ ਦਿੱਤੀ ਹੋਵੇ ਤਾਂ ਠੇ ਕੇਦਾਰ ਤੇ ਕੀ ਕਾਰਵਾਈ ਹੋਵੇਗੀ?

---

**ਬੀਜਾ, ਪਾਇਲ, ਰਾੜਾ ਸਾਹਿਬ, ਜਗੇੜਾ ਸੜਕਾਂ ਦੀ ਰਿਪੇਅਰ ਕਰਵਾਉਣਾ**

***453. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–**
ਕੀ ਲੋਕ ਨਿਰਮਾਣ (ਭ ਤੇ ਮ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਬੀਜਾ, ਪਾਇਲ, ਰਾੜਾ ਸਾਹਿਬ ਅਤੇ ਜਗੇੜਾ ਸੜਕਾਂ ਦੀ ਮੁਰੰਮਤ ਹੋਣ ਵਾਲੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਮੁਰੰਮਤ ਕਦੋਂ ਤੱਕ ਕਰ ਦਿਤੀ ਜਾਵੇਗੀ;

ਅ) ਪਹਿਲਾਂ ਉਪਰੋਕਤ ਸੜਕਾਂ ਦੀ ਰਿਪੇਅਰ ਕਦੋਂ ਅਤੇ ਕਿੰਨੇ ਕਿਲੋਮੀਟਰ ਦੀ ਹੋਈ ਸੀ; ਵੇਰਵੇ ਸਹਿਤ ਦੱਸਿਆ ਜਾਵੇ?

———

**ਦੋਰਾਹਾ ਤੋਂ ਰਾਮਪੁਰ ਤੱਕ ਸੜਕ ਦੀ ਰਿਪੇਅਰ ਕਰਵਾਉਣਾ**

***454. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–**
ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੋਰਾਹਾ ਤੋਂ ਰਾਮਪੁਰ ਵਾਲੀ ਸੜਕ ਦੀ ਰਿਪੇਅਰ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਦੋਰਾਹਾ ਦੇ ਦੱਖਣੀ ਬਾਈਪਾਸ ਦੇ ਰੇਲਵੇ ਕਰਾਸਿੰਗ ਵਾਲੇ ਪੁੱਲ ਦੀ ਉਸਾਰੀ**

***455. (ਸੀ.ਯੂ.) ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–**
ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦੋਰਾਹਾ ਕੋਲੋਂ ਲੰਘ ਰਹੇ ਦੱਖਣੀ ਬਾਈਪਾਸ ਦਾ ਰੇਲਵੇ ਕਰਾਸਿੰਗ ਵਾਲਾ ਪੁੱਲ ਜੋ ਕਿ ਲੰਮੇ ਸਮੇਂ ਤੋਂ ਉਸਾਰੀ ਅਧੀਨ ਹੈ, ਦਾ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ?

———

## ਤਲਵਾੜਾ ਤੋਂ ਹਰਿਦੁਆਰ ਵਾਇਆ ਕਮਾਹੀ-ਦੇਵੀ ਹੁਸ਼ਿਆਰਪੁਰ ਬੱਸ ਸੇਵਾ ਸ਼ੁਰੂ ਕਰਨਾ

***474. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਜਿਲ੍ਹਾ ਹੁਸ਼ਿਆਰਪੁਰ ਵਿਖੇ ਤਲਵਾੜਾ ਤੋਂ ਹਰਿਦੁਆਰ ਵਾਇਆ ਕਮਾਹੀ ਦੇਵੀ-ਹੁਸ਼ਿਆਰਪੁਰ ਤੱਕ ਨਵੀਂ ਬੱਸ ਸੇਵਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਦਸੂਹਾ ਤੋਂ ਗੜ੍ਹਸ਼ੰਕਰ ਸੜਕ ਬਣਾਉਣਾ

***475. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਵਿਖੇ ਕੰਡੀ ਕੈਨਾਲ ਦਸੂਹਾ ਤੋਂ ਗੜਸ਼ੰਕਰ ਦੀ ਨਜਦੀਕੀ ਸੜਕ ਨੂੰ ਮੁਰੰਮਤ ਕਰਵਾਉਣ ਅਤੇ ਕੰਡੀ ਕੈਨਾਲ ਦੇ ਨਾਲ-ਨਾਲ ਵਾੜ (ਫੈਨਸਿੰਗ) ਲਗਾਏ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

———

## ਹੁਸ਼ਿਆਰਪੁਰ ਦੇ ਕੰਡੀ ਇਲਾਕੇ ਵਿੱਚ Small Scale Industry ਲਗਾਉਣਾ

***476. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਦਸੂਹਾ ਜਿਲ੍ਹਾ ਹੁਸ਼ਿਆਰਪੁਰ ਦੇ ਕੰਡੀ ਇਲਾਕੇ ਵਿੱਚ ਕੋਈ Small Scale Industry ਲਗਾਏ ਜਾਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਦਸੂਹਾ ਅਤੇ ਦਾਤਾਰਪੁਰ ਦੇ ਬਿਜਲੀ ਘਰਾਂ ਦੀ ਉਸਾਰੀ ਕਰਨਾ

***477. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਦਸੂਹਾ ਅਤੇ ਦਾਤਾਰਪੁਰ ਦੇ ਬਿਜਲੀ ਘਰਾਂ ਦੀ ਬਿਲਡਿੰਗ ਦੀ ਹਾਲਤ ਕਾਫੀ ਖਰਾਬ ਅਤੇ ਅਸੁਰੱਖਿਅਤ ਹੋਣ ਕਾਰਨ ਇਸ ਨੂੰ ਦੁਬਾਰਾ ਬਣਾਏ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਹਲਕਾ ਦਸੂਹਾ ਦੇ ਸਿਵਲ ਹਸਪਤਾਲ ਵਿਖੇ ਬਲੱਡ ਸੈੱਲ ਦੀ ਮਸ਼ੀਨ ਲਗਾਉਣਾ

***478. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਦਸੂਹਾ ਦੇ ਸਿਵਲ ਹਸਪਤਾਲ ਵਿਖੇ ਬਲੱਡ ਸੈੱਲ ਦੀ ਮਸ਼ੀਨ ਲਗਾਏ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਫਤਿਹਾਬਾਦ ਤੋਂ ਚੋਹਲਾ ਸਾਹਿਬ ਤੱਕ ਸੜਕ ਬਣਾਉਣਾ

***480. (ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–**ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਤਿਹਾਬਾਦ–ਚੋਹਲਾ ਸਾਹਿਬ ਸੜਕ ਬਹੁਤ ਸਮੇਂ ਤੋਂ ਟੁੱਟੀ ਹੋਈ ਹੈ, ਜਿਸ ਕਾਰਨ ਰਾਹਗੀਰਾਂ ਨੂੰ ਬਹੁਤ ਮੁਸ਼ਕਿਲਾਂ ਆਉਂਦੀਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਇਸ ਸੜਕ ਨੂੰ ਜਲਦੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਕਰ ਹੈ ਤਾਂ ਕਦੋਂ ਤੱਕ?

———

## ਸਕੂਲਾਂ ਦੇ ਸਿਲੇਬਸ ਵਿੱਚ ਟਰੈਫਿਕ ਨਿਯਮਾਂ ਦੀ ਸਿੱਖਿਆ ਲਾਗੂ ਕਰਨਾ

***481. (ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਟਰੈਫਿਕ ਨਿਯਮਾਂ ਦੀ ਜਾਣਕਾਰੀ ਸਕੂਲਾਂ ਦੇ ਸਿਲੇਬਸ ਵਿੱਚ ਸ਼ਾਮਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਸਕੂਲਾਂ ਅਤੇ ਕਾਲਜਾਂ ਦੀ ਹਰ ਸਾਲ ਫੀਸਾਂ ਵਧਾਉਣ ਲਈ ਨੀਤੀ ਤੈਅ ਕਰਨਾ

***486. (ਸੀ.ਯੂ.) ਸ਼੍ਰੀ ਗੁਰਪ੍ਰੀਤ ਬੱਸੀ ਗੋਗੀ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੇ ਵਿਚਾਰ ਅਧੀਨ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਲਈ ਹਰ ਸਾਲ ਫੀਸਾਂ ਦੀ ਕੀਮਤ ਵਧਾਉਣ ਲਈ ਔਸਤਨ ਚਾਰਜਿਜ਼ ਤੈਅ ਕਰਨ ਦੀ ਕੋਈ ਨੀਤੀ ਹੈ?

———

## ਮਾਈਨਿੰਗ ਉਪਕਰਣ ਨਾਲ ਦਰ ਘਟਾਉਣ ਸਬੰਧੀ ਨੀਤੀ

***488. (ਸੀ.ਯੂ.) ਸ਼੍ਰੀ ਗੁਰਪ੍ਰੀਤ ਬੱਸੀ ਗੋਗੀ, ਐਮ.ਐਲ.ਏ.:–** ਕੀ ਮਾਈਨਜ਼ ਅਤੇ ਜ਼ਿਆਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਈਨਿੰਗ ਉਪਕਰਣ ਦੇ ਨਾਲ ਸਬੰਧਤ ਕਰ ਦੀ ਦਰ ਘਟਾਉਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਨੀਤੀ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

———

## MAX Multi-Speciality Hospital, ਮੋਹਾਲੀ ਅਤੇ ਬਠਿੰਡਾ ਨਾਲ ਸਮਝੌਤੇ ਬਾਰੇ

***490. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ MAX Multi-Speciality Hospital, ਮੋਹਾਲੀ ਅਤੇ ਬਠਿੰਡਾ ਨੂੰ ਸਰਕਾਰੀ ਜ਼ਮੀਨ ਦੇਣ ਸਮੇਂ ਉਪਰੋਕਤ ਹਸਪਤਾਲਾਂ ਕੋਲ ਕਿਰਾਏ, ਆਮਦਨ ਅਤੇ ਹੋਰ ਕਿਸੇ ਤਰ੍ਹਾਂ ਦਾ ਟੈਕਸ ਜਾਂ ਫੰਡ ਲੈਣ ਲਈ ਸਮਝੌਤੇ ਕੀਤੇ ਗਏ ਸੀ; ਕੀ ਇਨ੍ਹਾਂ ਸਮਝੌਤਿਆਂ ਮੁਤਾਬਿਕ ਹੁਣ ਤੱਕ ਬਣਦੀ ਰਕਮ ਉਪਰੋਕਤ ਹਸਪਤਾਲਾਂ ਵੱਲੋਂ ਸਰਕਾਰ ਨੂੰ ਲਗਾਤਾਰ ਦਿੱਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਕੀ ਉਪਰੋਕਤ ਹਸਪਤਾਲ ਨਾਲ ਕੀਤੇ ਗਏ ਸਮਝੌਤੇ ਵਿੱਚ ਇਲਾਜ ਦੀਆਂ ਵੱਖ-ਵੱਖ ਫੀਸਾਂ ਸਬੰਧੀ ਪੀ.ਜੀ.ਆਈ. ਦੀਆਂ ਫੀਸਾਂ ਦਾ ਵੇਰਵਾ ਵੀ ਦਰਜ਼ ਹੈ; ਕੀ ਉਪਰੋਕਤ ਹਸਪਤਾਲ ਮਰੀਜ਼ਾਂ ਕੋਲੋਂ ਪੀ.ਜੀ.ਆਈ. ਰੇਟਾਂ ਮੁਤਾਬਿਕ ਹੀ ਫੀਸਾਂ ਵਸੂਲ ਕਰ ਰਿਹਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਕੁਰਾਲੀ ਸਿਸਵਾਂ ਟੋਲ ਸੜਕ ਦੀ ਮਾੜੀ ਸਥਿਤੀ ਲਈ ਕੰਪਨੀ ਖਿਲਾਫ ਕਾਰਵਾਈ

***491. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਰੋਪੜ੍ਹ ਸਮੇਤ ਦੁਆਬੇ ਮਾਝੇ ਦੇ ਵੱਖ-ਵੱਖ ਜਿਲ੍ਹਿਆਂ ਨੂੰ ਚੰਡੀਗੜ੍ਹ ਦੇ ਨਾਲ ਜੋੜਨ ਵਾਲੀ ਕੁਰਾਲੀ ਸਿਸਵਾਂ ਟੋਲ ਰੋਡ ਉੱਤੇ ਟੋਲ ਇੱਕਠਾ ਕਰਨ ਵਾਲੀ ਕੰਪਨੀ ਨੇ ਹੁਣ ਤੱਕ ਐਗਰੀਮੈਂਟ ਦੇ ਮੁਤਾਬਿਕ ਇਸ ਸੜਕ ਨੂੰ ਮੇਨਟੇਨ ਕੀਤਾ ਹੈ; ਜੇਕਰ ਨਹੀਂ ਕੀਤਾ ਹੈ ਤਾਂ ਹੁਣ ਤੱਕ ਇਸ ਕੰਪਨੀ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਉਪਰੋਕਤ ਜਾਣਕਾਰੀ ਪੰਜਾਬ ਦੀਆਂ ਸਾਰੀਆਂ ਟੋਲ ਸੜ੍ਹਕਾਂ ਬਾਰੇ ਵੀ ਸਾਂਝੀ ਕੀਤੀ ਜਾਵੇ?

———

## ਪੰਜਾਬ ਵਿੱਚ ਪਲਾਸਟਿਕ ਕੂੜੇ ਦੀ EPR Guidelines ਲਾਗੂ ਕਰਨ ਸਬੰਧੀ

***492. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਲਾਸਟਿਕ ਦੇ ਲਿਫਾਫਿਆਂ ਵਿੱਚ ਵੱਖ-ਵੱਖ ਪ੍ਰੋਡਕਟ ਵੇਚਣ ਵਾਲੀਆਂ ਕੰਪਨੀਆਂ ਸੂਬੇ ਵਿੱਚ Extended Producer's Responsibilities Guidelines ਮੁਤਾਬਿਕ ਆਪਣੇ ਪਲਾਸਟਿਕ ਦੇ ਲਿਫਾਫਿਆਂ ਨੂੰ ਸਾਂਭਣ ਸਬੰਧੀ ਆਪਣੀ ਜਿੰਮੇਵਾਰੀ ਨੂੰ ਪੂਰੀਆਂ ਕਰ ਰਹੀਆਂ ਹਨ ਜਾਂ ਨਹੀਂ; ਵੇਰਵੇ ਸਹਿਤ ਦੱਸਿਆ ਜਾਵੇ?

———

## ਸੂਬੇ ਵਿੱਚ ਮੌਜੂਦ ਜਲ ਸਰੋਤਾਂ ਅਤੇ ਜੰਗਲਾਂ ਨੂੰ ਟੂਰਿਜ਼ਮ ਦੇ ਲਈ ਵਰਤਣ ਲਈ ਪਾਲਿਸੀ ਬਣਾਉਣਾ

***493. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੂਬੇ ਵਿੱਚ ਮੌਜੂਦ ਜਲ ਸਰੋਤਾਂ ਅਤੇ ਜੰਗਲਾਂ ਨੂੰ ਟੂਰਿਜ਼ਮ ਦੇ ਲਈ ਵਰਤਣ ਲਈ ਕੋਈ ਪਾਲਿਸੀ ਬਣਾਈ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਬੋਹਾ ਸ਼ਹਿਰ ਵਿਖੇ ਬੱਸ ਸਟੈਂਡ ਦੀ ਸਹੂਲਤ ਦੇਣਾ

***494. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਸ਼ਹਿਰ ਬੋਹਾ ਵਿੱਚ ਬੱਸ ਸਟੈਂਡ ਦੀ ਕੋਈ ਇਮਾਰਤ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਬੋਹਾ ਵਿਖੇ ਬੱਸ ਸਟੈਂਡ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਣ ਜਾਵੇਗਾ?

———

## ਸਬ–ਡਵੀਜਨ ਬੁਢਲਾਡਾ ਵਿਖੇ ਖੇਤੀਬਾੜੀ ਵਿਭਾਗ ਦੀ ਨਵੀਂ ਬਿਲਡਿੰਗ ਬਣਾਉਣਾ

*495. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:– ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਡਵੀਜਨ ਬੁਢਲਾਡਾ ਵਿਖੇ ਖੇਤੀਬਾੜੀ ਵਿਭਾਗ ਦਾ ਦਫਤਰ ਪਸ਼ੂ ਪਾਲਣ ਵਿਭਾਗ ਦੀ ਇੱਕ ਟੁੱਟੀ ਹੋਈ ਬਿਲਡਿੰਗ ਵਿੱਚ ਚਲ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਖੇਤੀਬਾੜੀ ਵਿਭਾਗ ਲਈ ਨਵੀਂ ਬਿਲਡਿੰਗ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਬਿਲਡਿੰਗ ਬਣ ਜਾਵੇਗੀ?

———

## ਰੇਲਵੇ ਦੁਆਰਾ ਬਣਾਏ ਅੰਡਰਪਾਸ ਵਿੱਚੋਂ ਪਾਣੀ ਦੀ ਨਿਕਾਸੀ ਕਰਨਾ

***501. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੋ ਰੇਲਵੇ ਦੁਆਰਾ ਅੰਡਰਪਾਸ ਬਣਾਏ ਗਏ ਹਨ ਉਨ੍ਹਾਂ ਵਿੱਚੋਂ ਬਾਰਸ਼ ਦੇ ਪਾਣੀ ਦੀ ਨਿਕਾਸੀ ਦੀ ਕੀ ਵਿਵਸਥਾ ਹੈ; ਕੀ ਇਹ ਠੀਕ ਹੈ ਕਿ ਰਾਜਪੁਰਾ ਵਿੱਚ ਪੈਂਦੇ ਅੰਡਰਪਾਸ ਹਮੇਸ਼ਾ ਬਾਰਸ਼ ਆਉਣ ਤੇ ਭਰ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਅੰਡਰਪਾਸ ਰੇਲਵੇ ਵੱਲੋਂ ਬਣਾਏ ਜਾਣ ਤੋਂ ਬਾਅਦ ਸਾਂਭ ਸੰਭਾਲ ਅਤੇ ਪਾਣੀ ਦੀ ਨਿਕਾਸੀ ਸਬੰਧੀ ਸਰਕਾਰ ਕੋਈ ਪ੍ਰਬੰਧ ਕਰੇਗੀ?

______

## ਬਨੂੜ ਵਿਖੇ ਨਹਿਰੀ ਵਿਭਾਗ ਦੀ ਬਿਲਡਿੰਗ ਨਵੇਂ ਸਿਰੇ ਤੋਂ ਬਣਾਉਣਾ

***502. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਨੂੜ ਵਿੱਚ ਜੋ ਨਹਿਰੀ ਵਿਭਾਗ ਦੀ ਬਿਲਡਿੰਗ ਹੈ ਉਹ ਕਾਫੀ ਸਮੇਂ ਤੋਂ ਖਰਾਬ ਹਾਲਤ ਵਿੱਚ ਹੈ ਅਤੇ ਇੱਥੇ ਕਿਸੇ ਵੀ ਸਮੇਂ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਪਿਛਲੇ ਸਮੇਂ ਦੌਰਾਨ ਇਸ ਬਿਲਡਿੰਗ ਦੀ ਰਿਪੇਅਰ ਕਰਨ ਜਾਂ ਦੁਬਾਰਾ ਬਣਾਉਣ ਲਈ ਕੋਈ ਫੰਡ ਜਾਰੀ ਕੀਤਾ ਗਿਆ ਸੀ; ਜੇਕਰ ਨਹੀਂ ਤਾਂ ਕੀ ਸਰਕਾਰ ਇੱਥੇ ਨਵੀਂ ਬਿਲਡਿੰਗ ਬਣਾਉਣ ਦਾ ਪ੍ਰਬੰਧ ਕਰੇਗੀ?

______

## ਪਿੰਡ ਕਲੋਲੀ ਵਿੱਚੋਂ ਲੰਘਦੇ ਡਰੇਨ ਦੇ ਉਪਰ ਨਵੇਂ ਸਿਰੇ ਤੋਂ ਪੁੱਲ ਬਣਾਉਣਾ

***503. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜਪੁਰਾ ਦੇ ਪਿੰਡ ਕਲੋਲੀ ਵਿੱਚੋਂ ਲੰਘ ਰਹੇ ਪੰਚੀਦਰਾ ਦੇ ਡਰੇਨ ਉਪਰ ਜੋ ਪੁੱਲ ਬਣਿਆ ਹੈ, ਉਹ ਕਾਫੀ ਪੁਰਾਣਾ ਅਤੇ ਖਰਾਬ ਹੋ ਚੁੱਕਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਡਰੇਨ ਦੇ ਉਪਰ ਨਵੇਂ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

______

## ਪਿੰਡ ਅਜੈਬਵਾਲੀ ਡਰੇਨ ਤੇ ਬਣਿਆ ਪੁੱਲ ਨਵੇਂ ਸਿਰੇ ਤੋਂ ਬਣਾਉਣਾ

***504. (ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਜੀਠਾ ਤੋਂ ਪਿੰਡ ਕੱਥੂਨੰਗਲ–ਪਿੰਡ ਬੋਪਾਰਾਏ ਰੋਡ ਤੇ ਪੈਂਦੇ ਪਿੰਡ ਅਜੈਬਵਾਲੀ ਵਿਖੇ ਡਰੇਨ ਤੇ ਬਣਿਆ ਪੁੱਲ ਟੁੱਟ ਜਾਣ ਕਾਰਨ ਲੋਕਾਂ ਨੂੰ ਆਉਣ ਜਾਣ ਵਿੱਚ ਭਾਰੀ ਅਸੁਵਿਧਾ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਟੁੱਟੇ ਹੋਏ ਪੁੱਲ ਨੂੰ ਨਵੇਂ ਸਿਰਿਓ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਇਹ ਪੁੱਲ ਕਦੋਂ ਤੱਕ ਬਣਾ ਦਿੱਤਾ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

———

## ਸਬ–ਡਵੀਜ਼ਨ ਮਜੀਠਾ ਦੇ ਪ੍ਰਾਇਮਰੀ ਹੈਲਥ ਸੈਟਰਾਂ ਅਤੇ ਕਮਿਊਨਟੀ ਹੈਲਥ ਸੈਂਟਰਾਂ ਵਿੱਚ ਮੰਨਜ਼ੂਰ–ਸ਼ੁਦਾ ਅਸਾਮੀਆ ਦੇ ਵੇਰਵੇ

***507. (ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਬ–ਡਵੀਜ਼ਨ ਮਜੀਠਾ ਅਧੀਨ ਪੈਂਦੇ ਥਰੀਏਵਾਲਾ, ਬਡਾਲਾ ਬਿਰਮ, ਚਵਿੰਡਾ ਦੇਵੀ, ਕੱਥੂ ਨੰਗਲ, ਮੱਤੇਵਾਲ ਅਤੇ ਟਾਹਲੀ ਸਾਹਿਬ ਪ੍ਰਾਇਮਰੀ ਹੈਲਥ ਸੈਟਰਾਂ ਅਤੇ ਕਮਿਊਨਟੀ ਹੈਲਥ ਸੈਂਟਰ, ਮਜੀਠਾ ਵਿੱਚ ਮੰਨਜ਼ੂਰਸ਼ੁਦਾ ਅਸਾਮੀਆਂ ਮੁਤਾਬਕ ਸਟਾਫ਼ ਹੈ; ਵੇਰਵੇ ਸਹਿਤ ਦੱਸਿਆ ਜਾਵੇ; ਜੇਕਰ ਸਟਾਫ਼ ਪੂਰਾ ਨਹੀਂ ਹੈ ਤਾਂ ਇੱਥੇ ਕਦੋਂ ਤੱਕ ਪੂਰਾ ਸਟਾਫ਼ ਲਗਾ ਦਿੱਤਾ ਜਾਵੇਗਾ?

———

## ਸਰਕਾਰੀ ਐਲੀਮੈਂਟਰੀ ਸਕੂਲ, ਪੰਜਢੇਰਾ ਕਲਾਂ ਨੂੰ ਸਮਾਰਟ ਸਕੂਲ ਬਣਾਉਣ ਦੇ ਵੇਰਵੇ

***508. (ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਸਰਕਾਰ ਨੇ ਸਰਕਾਰੀ ਐਲੀਮੈਂਟਰੀ ਸਕੂਲ, ਪੰਜਢੇਰਾ ਕਲਾਂ, ਤਹਿਸੀਲ ਮੁਕੇਰੀਆਂ (ਜਿਲ੍ਹਾ ਹੁਸ਼ਿਆਰਪੁਰ) ਨੂੰ ਸਮਾਰਟ ਸਕੂਲ ਬਣਾਏ ਜਾਣ ਦੀ ਕੋਈ ਘੋਸ਼ਣਾ ਕੀਤੀ ਹੈ;

ਅ) ਕੀ ਇਸ ਸਕੂਲ ਨੂੰ ਪਹਿਲਾਂ ਵੀ ਇਲਾਕੇ ਦੇ ਐਨ.ਆਰ.ਆਈਜ਼ ਅਤੇ ਪਿਛਲੀ ਸਰਕਾਰ ਵੱਲੋਂ ਫੰਡਜ਼ ਮੁਹੱਈਆ ਕਰਵਾਕੇ ਸਮਾਰਟ ਸਕੂਲ ਬਣਾਇਆ ਸੀ; ਮੌਜੂਦਾ ਸਰਕਾਰ ਵੱਲੋਂ ਇਸ ਸਕੂਲ ਲਈ ਕਿੰਨੇ ਫੰਡਜ਼ ਜਾਰੀ ਕੀਤੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

---

## ਕੰਡੀ ਅਤੇ ਬੇਟ ਏਰੀਏ ਵਿੱਚ ਅਵਾਰਾ ਪਸ਼ੂਆਂ ਲਈ ਗਊਸ਼ਾਲਾ ਖੋਲ੍ਹਣਾ

***509. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੰਡੀ ਅਤੇ ਬੇਟ ਏਰੀਏ ਵਿੱਚ ਅਵਾਰਾ ਪਸ਼ੂਆਂ ਲਈ ਕੋਈ ਗਊਸ਼ਾਲਾ ਖੋਲਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

---

## ਹਲਕਾ ਦਸੂਹਾ ਵਿਖੇ ਕੰਡੀ ਏਰੀਏ ਵਿੱਚ ਮਿੰਨੀ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨਾ

***510. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਦਸੂਹਾ ਵਿਖੇ ਕੰਡੀ ਏਰੀਏ ਵਿੱਚ ਦਸੂਹਾ ਤੋਂ ਕਮਾਹੀ ਦੇਵੀ ਵਾਇਆ ਹਰਦੋਥਲਾ-ਪੱਸੀ ਕੰਡੀ-ਨੇਕਨਾਮਾ ਤੱਕ ਅਤੇ ਤਲਵਾੜਾ ਤੋਂ ਕਮਾਹੀ ਦੇਵੀ ਵਾਇਆ ਵਰਿੰਗਲੀ ਵੜਿੰਗ ਤੱਕ ਮਿੰਨੀ ਸਰਕਾਰੀ ਬੱਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

———

## PEDA ਦਾ ਸੋਲਰ ਲਾਈਟਾਂ ਦਾ ਟੈਂਡਰ ਰੱਦ ਕਰਨਾ

***513. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–** ਕੀ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੋਲਰ ਲਾਈਟਾਂ ਦਾ ਜੋ ਟੈਂਡਰ PEDA ਅਧੀਨ ਹੈ, ਉਸ ਨੂੰ ਰੱਦ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਹਲਕਾ ਸਨੌਰ ਅੰਦਰ ਸ਼ੂਗਰ ਮਿੱਲ ਲਗਾਉਣਾ**

***514. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸਨੌਰ ਵਿੱਚ ਸ਼ੂਗਰ ਮਿੱਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਹਲਕਾ ਸ਼ੁਤਰਾਣਾ ਵਿਖੇ ਲੜਕੀਆਂ ਦਾ ਕਾਲਜ ਬਣਾਉਣਾ**

***516. (ਸੀ.ਯੂ.) ਸਰਦਾਰ ਕੁਲਵੰਤ ਸਿੰਘ ਬਾਜ਼ੀਗਰ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸ਼ੁਤਰਾਣਾ ਵਿਖੇ ਲੜਕੀਆਂ ਦਾ ਕਾਲਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਰਾਜ ਦੇ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਦੇ ਵੇਰਵੇ

***519. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇਸ ਵਕਤ ਰਾਜ ਵਿੱਚ ਕੁੱਲ ਕਿੰਨੇ ਮੈਡੀਕਲ ਸਰਕਾਰੀ ਅਤੇ ਪ੍ਰਾਈਵੇਟ ਕਾਲਜ ਹਨ;

ਅ) ਮੌਜੂਦਾ ਸਰਕਾਰ ਵੱਲੋਂ ਕਿੰਨੇ ਨਵੇਂ ਮੈਡੀਕਲ ਕਾਲਜ ਹੋਰ ਖੋਲ੍ਹੇ ਗਏ ਹਨ ਜਾਂ ਖੋਲ੍ਹੇ ਜਾ ਰਹੇ ਹਨ ਇਨ੍ਹਾਂ ਦੀ ਪ੍ਰਗਤੀ ਰਿਪੋਰਟ/ਮੌਜੂਦਾ ਸਥਿਤੀ ਵੇਰਵੇ ਸਹਿਤ ਦਿੱਤੀ ਜਾਵੇ;

ੲ) ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਖੋਲ੍ਹੇ ਜਾਣ ਵਾਲੇ ਮੈਡੀਕਲ ਕਾਲਜ ਦੀ ਤਾਜ਼ਾ ਸਥਿਤੀ ਕੀ ਹੈ?

______

## ਵਿੱਤੀ ਸਾਲ 2022-23 ਹੁੱਣ ਤੱਕ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਕੀਤੀ ਗਈ ਭਰਤੀ ਦੇ ਵੇਰਵੇ

***520. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ, 2021-22 ਅਤੇ 2022-23 ਹੁੱਣ ਤੱਕ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਕੁੱਲ ਕਿੰਨੀ ਭਰਤੀ ਕੀਤੀ ਗਈ; ਕੈਟਾਗਰੀ ਵਾਈਜ਼ ਵੇਰਵੇ ਦਿੱਤੇ ਜਾਣ?

______

## ਕਿਸਾਨਾਂ ਅਤੇ ਖੇਤ ਮਜਦੂਰਾਂ ਵੱਲੋਂ ਖੁਦ-ਕੁਸ਼ੀਆਂ ਕਰਨ ਤੇ ਉਹਨਾਂ ਦੇ ਪਰਿਵਾਰਾਂ ਨੂੰ ਮਾਲੀ ਸਹਾਇਤਾ ਦੇਣਾ

***521. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵਿੱਤੀ ਸਾਲ, 2021-22 ਅਤੇ 2022-23 ਹੁਣ ਤੱਕ ਦੌਰਾਨ ਕਿੰਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਖੁਦ-ਕੁਸ਼ੀਆਂ ਕੀਤੀਆਂ ਜਾ ਚੁੱਕੀਆਂ ਹਨ;

ਅ) ਖੁਦ-ਕੁਸ਼ੀਆਂ ਕਰ ਚੁੱਕੇ ਇਨ੍ਹਾਂ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਦੇ ਕਿੰਨੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਅਤੇ ਕਿੰਨੇ ਪਰਿਵਾਰਾਂ ਨੂੰ ਮਾਲੀ ਸਹਾਇਤਾ ਦਿੱਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

---

## ਸੀ.ਐਚ.ਸੀ. ਡੇਹਲੋਂ, ਜਿਲ੍ਹਾ ਲੁਧਿਆਣਾ ਦੇ ਹਸਪਤਾਲ ਨੂੰ ਪੂਰਾ ਕਰਨਾ

***523. (ਸੀ.ਯੂ.) ਸਰਦਾਰ ਜੀਵਨ ਸਿੰਘ ਸੰਗੋਵਾਲ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਬਲਾਕ ਡੇਹਲੋਂ ਵਿਖੇ 30 ਬਿਸਤਰਿਆਂ ਦੇ ਹਸਪਤਾਲ ਦੀ ਉਸਾਰੀ ਦਾ ਕੰਮ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ 6 ਕਰੋੜ ਰੁਪਏ ਤੇ ਦਿੱਤਾ ਗਿਆ ਇਸਦੇ ਪਹਿਲੇ ਫੇਸ ਵਿੱਚ ਤਿੰਨ ਕਰੋੜ ਦਾ ਕੰਮ ਕਰ ਦਿੱਤਾ ਗਿਆ ਪਰੰਤੂ ਦੂਜੇ ਫੇਸ ਦੇ 3 ਕਰੋੜ ਦਾ ਕੰਮ ਸਰਕਾਰ ਤੋਂ ਪੈਸੇ ਨਾਂ ਮਿਲਣ ਕਰਕੇ ਅਧੂਰਾ ਛੱਡ ਦਿੱਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਪੂਰਾ ਕਰਵਾਇਆ ਜਾਵੇਗਾ;

ਅ) ਕੀ ਇਸ ਹਸਪਤਾਲ ਵਿੱਚ ਐਕਸਰੇ RVG ਮਸ਼ੀਨਾਂ ਮੁਹਾਈਆ ਕਰਵਾਈਆਂ ਜਾਣਗੀਆਂ;

ੲ) ਇਸ ਹਸਪਤਾਲ ਵਿੱਚ ਮੈਡੀਕਲ ਅਫਸਰ (ਜਨਰਲ ਅਤੇ ਸਪੈਸ਼ਲਿਸਟ ਦੀਆਂ ਖਾਲੀ ਅਸਾਮੀਆਂ ਕਦੋਂ ਤੱਕ ਭਰੀਆਂ ਜਾਣਗੀਆਂ;

ਸ) ਕੀ ਇਸ ਹਸਪਤਾਲ ਵਿਖੇ 32 ਸਾਲ ਪੁਰਾਣੀ ਮੋਰਚਰੀ ਦੀ ਇਮਾਰਤ ਨੂੰ ਨਵੇਂ ਸਿਰੇ ਤੋਂ ਬਣਾਇਆ ਜਾਵੇਗਾ?

---

## ਖਰਾਬ ਸੜਕ ਬਣਾਉਣ ਵਾਲੇ ਠੇਕੇਦਾਰ ਖਿਲਾਫ ਕਾਰਵਾਈ

***527. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਸੂਹਾ ਤੋਂ ਹਾਜੀਪੁਰ ਅਤੇ ਤਲਵਾੜਾ ਨੂੰ ਜਾਣ ਵਾਲਾ ਰਸਤਾ ਜੋ ਕਿ ਕੁੱਝ ਸਮਾਂ ਪਹਿਲਾਂ ਬਣਿਆ ਸੀ, ਹੁਣ ਟੁੱਟ ਚੁਕਿਆ ਹੈ; ਜੇਕਰ ਅਜਿਹਾ ਹੈ ਤਾਂ ਕੀ ਸਬੰਧਿਤ ਠੇਕੇਦਾਰ ਖਿਲਾਫ ਸਰਕਾਰ ਵੱਲੋਂ ਇਸ ਦੀ ਜਾਂਚ ਕਰਵਾਉਣ ਦੀ ਕੋਈ ਤਜਵੀਜ਼ ਹੈ?

———

## ਡੀ.ਸੀ.ਐਮ. ਇੰਜੀਨੀਅਰਿੰਗ ਪ੍ਰੋਡਕਟਸ ਆਸਰੋਂ ਨੂੰ ਦੁਬਾਰਾ ਚਾਲੂ ਕਰਨਾ

***528. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਡੀ.ਸੀ.ਐਮ. ਇੰਜੀਨੀਅਰਿੰਗ ਪ੍ਰੋਡਕਟਸ ਆਸਰੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਜੋ ਕਿ ਰੋਪੜ ਅਤੇ ਐਸ.ਬੀ.ਐਸ. ਨਗਰ ਦੇ ਵਿੱਚ ਰੋਜ਼ਗਾਰ ਦੇਣ ਵਾਲੀ ਅਹਿਮ ਇੰਡਸਟਰੀ ਸੀ ਉਸ ਨੂੰ ਬੰਦ ਕਰਨ ਲਈ ਕਿਹੜੇ ਨਿਯਮਾਂ ਅਨੁਸਾਰ ਆਗਿਆ ਦਿੱਤੀ ਗਈ ਸੀ; ਕੀ ਸਬੰਧਤ ਲੇਬਰ ਲਾਜ਼ ਦੀ ਪਾਲਣਾ ਕੀਤੀ ਗਈ ਸੀ;

ਅ) ਬੰਦ ਹੋਣ ਸਮੇਂ ਕੰਮ ਕਰਦੇ ਕਾਮਿਆਂ ਦੇ ਬਕਾਇਆ ਤੇ ਭਵਿੱਖ ਬਾਰੇ ਨਿਯਮਾਂ ਅਨੁਸਾਰ ਕੀ ਨੀਤੀ ਬਣਾਈ ਗਈ;

ੲ) ਕੀ ਹੁਣ ਮੁੜ ਤੋਂ ਇਸ ਇੰਡਸਟਰੀ ਨੂੰ ਚਲਾਉਣ ਸਬੰਧੀ ਕੋਈ ਵਿਉਂਤਬੰਦੀ ਬਣਾਈ ਜਾ ਰਹੀ ਹੈ; ਵੇਰਵੇ ਸਹਿਤ ਦੱਸਿਅ ਜਾਵੇ?

———

## ਹਲਕਾ ਧਰਮਕੋਟ ਵਿੱਚ ਬਿਜਲੀ ਬੋਰਡ ਦੇ ਐਸ.ਡੀ.ਓਜ਼, ਜੇ.ਈਜ਼ ਅਤੇ ਲਾਈਨਮੈਨਾਂ ਦੀਆਂ ਅਸਾਮੀਆਂ ਦੇ ਵੇਰਵੇ

***530. (ਸੀ.ਯੂ.) ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਧਰਮਕੋਟ ਵਿੱਚ ਬਿਜਲੀ ਬੋਰਡ ਦੇ ਐਸ.ਡੀ.ਓਜ਼, ਜੇ.ਈਜ਼ ਅਤੇ ਲਾਈਨਮੈਨਾਂ ਦੀਆਂ ਕਿੰਨੀਆਂ ਆਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

———

## ਹਲਕਾ ਧਰਮਕੋਟ ਵਿਖੇ ਫੂਡ ਪ੍ਰੋਸੈਸਿੰਗ ਯੂਨਿਟ ਲਗਾਉਣਾ

***531. (ਸੀ.ਯੂ.) ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐਲ.ਏ.:–** ਕੀ ਫੂਡ ਪਰੋਸੈਸਿੰਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਧਰਮਕੋਟ ਵਿੱਚ ਫੂਡ ਪਰੋਸੈਸਿੰਗ ਯੂਨਿਟ ਲਗਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਲਗਾ ਦਿੱਤਾ ਜਾਵੇਗਾ?

———

## ਡੀ. ਅਡਿਕਸ਼ਨ ਸੈਂਟਰ, ਜਨੇਰ ਦੀ ਬੈੱਡ ਕਪੈਸਿਟੀ ਵਧਾਉਣਾ

***533. (ਸੀ.ਯੂ.) ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐਲ.ਏ .:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡੀ.ਅਡਿਕਸ਼ਨ ਸੈਂਟਰ, ਜਨੇਰ ਦੀ ਬੈੱਡ ਕਪੈਸਿਟੀ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਵਧਾ ਦਿੱਤੀ ਜਾਵੇਗੀ?

———

**ਹਲਕਾ ਧਰਮਕੋਟ ਵਿਖੇ ਸਰਕਾਰੀ ਬੱਸਾਂ ਦੇ ਰੂਟ ਵਧਾਉਣਾ**

***534. (ਸੀ.ਯੂ.) ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਧਰਮਕੋਟ ਵਿੱਚ ਕਿੰਨੇ ਸਰਕਾਰੀ ਰੂਟਾਂ ਤੇ ਬੱਸਾਂ ਚੱਲ ਰਹੀਆਂ ਹਨ; ਕੀ ਸਰਕਾਰ ਇਨ੍ਹਾਂ ਰੂਟਾਂ ਨੂੰ ਵਧਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

**ਹਲਕਾ ਖੇਮਕਰਨ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ**

***536. (ਸੀ.ਯੂ.) ਸਰਦਾਰ ਸਰਵਨ ਸਿੰਘ ਧੁੰਨ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖੇਮਕਰਨ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੈਕਚਰਾਰਾਂ, ਹੈਡਮਾਸਟਰਾਂ ਅਤੇ ਪ੍ਰਿੰਸੀਪਲਾਂ ਦੀਆਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

———

**ਹਲਕਾ ਖੇਮਕਰਨ ਵਿਚ ਜ਼ਮੀਨਾਂ ਨੂੰ ਨਹਿਰੀ ਪਾਣੀ ਦੇਣ ਲਈ ਪੱਕੇ ਖਾਲ ਬਣਾਉਣਾ**

***537. (ਸੀ.ਯੂ.) ਸਰਦਾਰ ਸਰਵਨ ਸਿੰਘ ਧੁੰਨ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਖੇਮਕਰਨ ਵਿੱਚ ਜ਼ਮੀਨਾਂ ਨੂੰ ਨਹਿਰੀ ਪਾਣੀ ਦੇਣ ਲਈ ਮੁੜ ਤੋਂ ਪੱਕੇ ਖਾਲੇ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

**ਸਿਵਲ ਹਸਪਤਾਲ ਖੇਮਕਰਨ ਨੂੰ ਮਲਟੀਸਪੈਸਿਲਟੀ ਹਸਪਤਾਲ ਬਣਾਉਣਾ**

***539. (ਸੀ.ਯੂ.) ਸਰਦਾਰ ਸਰਵਨ ਸਿੰਘ ਧੁੰਨ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਿਵਲ ਹਸਪਤਾਲ, ਖੇਮਕਰਨ ਨੂੰ ਮਲਟੀਸਪੈਸ਼ਿਲਟੀ ਹਸਪਤਾਲ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

———

**ਹਲਕਾ ਖੇਮਕਰਨ ਵਿੱਚ ਫੂਡ ਪ੍ਰੋਸੈਸਿੰਗ ਯੂਨਿਟ ਲਗਾਉਣਾ**

***540. (ਸੀ.ਯੂ.) ਸਰਦਾਰ ਸਰਵਨ ਸਿੰਘ ਧੁੰਨ, ਐਮ.ਐਲ.ਏ.:–** ਕੀ ਫੂਡ ਪਰੋਸੈਸਿੰਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਖੇਮਕਰਨ ਵਿੱਚ ਫੂਡ ਪ੍ਰੋਸੈਸਿੰਗ ਯੂਨਿਟ ਲਗਾਉਣ ਦਾ ਵਿਚਾਰ ਦਾ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਲਗਾ ਦਿੱਤਾ ਜਾਵੇਗਾ?

———

## ਜਗਰਾਉਂ ਵਿਚ STP Plant ਰਾਹੀਂ ਖੇਤਾਂ ਲਈ ਪਾਈਪਾਂ ਪਾ ਕੇ ਪਾਣੀ ਦੀ ਨਿਕਾਸੀ ਸਾਰੇ ਖੇਤਾਂ ਨੂੰ ਦੇਣਾ

***541. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਭੂਮੀ ਅਤੇ ਜਲ ਸੰਭਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਸਤੰਬਰ 2020 ਵਿੱਚ Soil conservation Deptt. ਵੱਲੋਂ ਜਗਰਾਉਂ ਵਿੱਚ STP Plant ਰਾਹੀਂ ਖੇਤਾਂ ਲਈ ਪਾਈਪਾਂ ਪਾਈਆਂ ਗਈਆਂ ਸਨ;

ਅ) ਕੀ ਉਕਤ ਪਲਾਂਟ ਵਿੱਚ ਸਾਰਾ ਕੰਮ ਪੂਰਾ ਹੋ ਚੁੱਕਿਆ ਹੈ;

ੲ) ਕੀ ਪਾਣੀ ਦੀ ਨਿਕਾਸੀ ਸਾਰੇ ਖੇਤਾਂ ਨੂੰ ਦੇ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਸਹਿਤ ਦੱਸਿਆ ਜਾਵੇ ਕਿ ਕਿੰਨੇ ਖੇਤਾਂ ਨੂੰ ਦਿੱਤੀ ਗਈ ਹੈ; ਜੇਕਰ ਉੱਤਰ ਨਾਂਹ ਵਿੱਚ ਹੈ ਤਾਂ ਇਸਦੇ ਕੀ ਕਾਰਨ ਹਨ ਅਤੇ ਕੀ ਇਸ ਕੰਮ ਵਿੱਚ ਲਾਪਰਵਾਹੀ ਕਰਨ ਵਾਲੇ ਅਧਿਕਾਰੀਆਂ ਦੇ ਖਿਲਾਫ ਬਣਦੀ ਕਾਰਵਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਫਰੀਦਕੋਟ ਸ਼ਹਿਰ ਦੀਆਂ ਦੋ ਸੜਕਾਂ ਦੀ ਰਿਪੇਅਰ ਕਰਵਾਉਣਾ

***542. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਰੀਦਕੋਟ ਸ਼ਹਿਰ ਦੀਆਂ ਦੋ ਸੜਕਾਂ ਕਾਮੇਆਣਾ ਚੌਂਕ ਤੋਂ ਸੈਦੋਪੁਰ ਚੌਂਕ ਅਤੇ ਘੰਟਾ ਘਰ ਤੋਂ ਸੈਦੋਂਪੁਰ ਚੌਂਕ ਤੱਕ ਦੀ ਹਾਲਤ ਬਹੁਤ ਖਰਾਬ ਹੈ ਅਤੇ ਇਨ੍ਹਾਂ ਦੀ ਰਿਪੇਅਰ ਹੋਣ ਵਾਲੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਸੜਕਾਂ ਦੀ ਰਿਪੇਅਰ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਪਿਛਲੀ ਸਰਕਾਰ ਦੁਆਰਾ ਬਣਾਏ ਸ਼ੈੱਡਾਂ ਦੀ ਵਰਤੋਂ ਕਰਨਾ

***543. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਰੀਦਕੋਟ ਵਿੱਚ ਪਿਛਲੀ ਸਰਕਾਰ ਵੱਲੋਂ ਆਰਾ ਰੋਡ ਉੱਪਰ ਅਤੇ ਬਾਗ ਵਿੱਚ ਸਰਕਾਰੀ ਕੁਆਰਟਰਾਂ ਦੇ ਪਿੱਛੇ ਸ਼ੈੱਡ ਬਣਾਏ ਗਏ ਸਨ, ਜਿੰਨ੍ਹਾਂ ਦੀ ਵਰਤੋਂ ਹੁਣ ਤੱਕ ਨਗਰ ਕੌਂਸਲ, ਫਰੀਦਕੋਟ ਵੱਲੋਂ ਨਹੀਂ ਕੀਤੀ ਗਈ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਦੀ ਵਰਤੋਂ ਨਗਰ ਕੌਂਸਲ ਫਰੀਦਕੋਟ ਕਦੋਂ ਕਰਨੀ ਸ਼ੁਰੂ ਕਰੇਗੀ?

———

## ਫਰੀਦਕੋਟ ਦੀਆਂ ਗਲੀਆਂ ਵਿੱਚ ਇੰਟਰਲੋਕ ਟਾਈਲਾਂ ਲਗਾਉਣਾ

***544. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਵਿੱਚ ਪਿਛਲੇ 4-5 ਸਾਲ ਤੋਂ ਸੀਵਰੇਜ਼ ਦਾ ਕੰਮ ਚੱਲ ਰਿਹਾ ਹੈ ਅਤੇ ਸੀਵਰੇਜ਼ ਬੋਰਡ ਵੱਲੋਂ ਸੀਵਰੇਜ਼ ਪਾਉਣ ਉਪਰੰਤ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਅਧੂਰਾ ਛੱਡ ਦਿੱਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਕਿੰਨੀਆਂ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਲਗਾ ਦਿੱਤੀ ਗਈਆਂ ਹਨ ਅਤੇ ਬਕਾਇਆ ਗਲੀਆਂ ਵਿੱਚ ਕਦੋਂ ਤੱਕ ਇੰਟਰਲਾਕ ਟਾਈਲ ਲਗਾ ਦਿੱਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

———

## ਨਗਰ ਕੌਂਸਲ ਦੀ ਹੱਦ ਵਿਚ ਪੈਂਦੀਆਂ ਬਾਜੀਗਰ ਬਸਤੀ ਰੋਡ ਅਤੇ ਜਹਾਜ ਗਰਾਊਂਡ ਵਾਲੀ ਰੋਡ ਬਣਾਉਣਾ

***546. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਰੀਦਕੋਟ ਵਿੱਚ ਨਗਰ ਕੌਂਸਲ ਦੀ ਹੱਦ ਵਿੱਚ ਪੈਂਦੀਆਂ ਦੋ ਸੜਕਾਂ ਬਾਜੀਗਰ ਬਸਤੀ ਰੋਡ ਅਤੇ ਜਹਾਜ ਗਰਾਊਂਡ ਵਾਲੀ ਰੋਡ, ਸੀਵਰੇਜ਼ ਪਾਉਣ ਉਪਰੰਤ ਪਿਛਲੇ ਕਾਫੀ ਸਮੇਂ ਤੋਂ ਨਹੀਂ ਬਣਾਈਆਂ ਗਈਆਂ/ਅਧੂਰੀਆਂ ਛੱਡੀਆਂ ਗਈਆਂ ਹਨ; ਜੇਕਰ ਅਜਿਹਾ ਹੈ ਤਾਂ ਸਰਕਾਰ ਇਹਨਾਂ ਸੜਕਾਂ ਨੂੰ ਕਦੋਂ ਤੱਕ ਬਣਵਾ ਦੇਵੇਗੀ?

———

## ਫਰੀਦਕੋਟ ਦੇ ਮੈਡੀਕਲ ਕਾਲਜ ਲਈ ਫੰਡ ਅਲਾਟ ਕਰਨਾ

***547. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:-** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਮੈਡੀਕਲ ਕਾਲਜ ਦੇ ਇੰਨਫਰਾਸਟਰੱਕਚਰ ਦੀ ਡਿਵੈਲਪਮੈਂਟ ਲਈ ਲਗਭਗ 6 ਕਰੋੜ ਰੁਪਏ ਦੇ ਫੰਡ ਲੋੜੀਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵਲੋਂ ਇਹ ਫੰਡਜ਼ ਕਦੋਂ ਤੱਕ ਜਾਰੀ ਕਰ ਦਿੱਤੇ ਜਾਣਗੇ?

———

## ਹਲਕਾ ਫਰੀਦਕੋਟ ਵਿਖੇ ਇੰਡਸਟਰੀਅਲ ਪਾਰਕ ਬਣਾਉਣਾ

***548. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਰੀਦਕੋਟ ਵਿੱਚ ਕੋਈ ਇੰਡਸਟਰੀਅਲ ਪਾਰਕ ਨਹੀਂ ਹੈ ਅਤੇ ਫਰੀਦਕੋਟ ਕੋਟਕਪੂਰਾ ਰੋਡ ਤੇ ਪਿਛਲੇ ਸਮੇਂ ਵਿੱਚ ਜੋ ਸ਼ੂਗਰ ਮਿੱਲ ਚੱਲ ਰਹੀ ਸੀ, ਉਹ ਪਿਛਲੇ ਸਮੇਂ ਵਿੱਚ ਬੰਦ ਕਰ ਦਿੱਤੀ ਗਈ ਸੀ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਮਿੱਲ ਨੂੰ ਦੁਬਾਰਾ ਚਲਾਉਣ ਜਾਂ ਇਥੇ ਇੱਕ ਇੰਡਸਟਰੀਅਲ ਪਾਰਕ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਪਿੰਡਾਂ ਦੇ ਵਾਟਰ ਵਰਕਸਾਂ ਦਾ ਕੰਮ ਸਰਕਾਰੀ ਵਿਭਾਗ ਨੂੰ ਦੇਣਾ

***549. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡਾਂ ਵਿੱਚ ਕੁੱਝ ਵਾਟਰ ਵਰਕਸ ਪੇਂਡੂ ਵਿਕਾਸ ਕਮੇਟੀਆਂ ਜਾਂ ਪੰਚਾਇਤਾਂ ਨੂੰ ਦਿੱਤੇ ਹੋਏ ਹਨ ਜਿੰਨ੍ਹਾਂ ਦੀ ਮੈਨਟੀਨੈਂਸ ਅਤੇ ਬਿੱਲ ਇੱਕਠਾ ਕਰਨ ਦਾ ਅਧਿਕਾਰ ਇਨ੍ਹਾਂ ਕਮੇਟੀਆਂ ਕੋਲ ਹੈ ਜੋ ਕਿ ਇਹਨਾਂ ਦੀ ਮੈਨਟੀਨੈਂਸ ਕਰਦੀਆਂ ਹਨ; ਕੀ ਇੰਨ੍ਹਾਂ ਵਾਟਰ ਵਰਕਸ ਨੂੰ ਸਰਕਾਰੀ ਵਿਭਾਗ ਨੂੰ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਲੰਗੇਆਣਾ ਡਰੇਨ ਦੇ ਨੇੜੇ ਪੁੱਲ ਨੂੰ ਚੌੜਾ ਕਰਨਾ

*551. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:– ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਰੀਦਕੋਟ ਵਿੱਚ ਫਰੀਦਕੋਟ-ਕੋਟਕਪੂਰਾ ਰੋਡ, ਦਿੱਲੀ ਇੰਟਰਨੈਸ਼ਨਲ ਸਕੂਲ ਕੋਲ ਲੰਗੇਆਣਾ ਡਰੇਨ ਕਰਾਸ ਕਰਦੀ ਹੈ; ਜਿੱਥੇ ਇੱਕ ਤੰਗ (ਨੈਰੋ) ਪੁੱਲ ਪੈਂਦਾ ਹੈ; ਕੀ ਇਸ ਪੁੱਲ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਫਰੀਦਕੋਟ ਦੇ ਮਿੰਨੀ ਸਕੱਤਰੇਤ ਦੇ ਟਰੈਜਰੀ ਬਲਾਕ ਦੀ ਉਸਾਰੀ ਕਰਵਾਉਣਾ

***552. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਵਿਖੇ ਮਿੰਨੀ ਸਕੱਤਰੇਤ ਦੀ ਉਸਾਰੀ 1988 ਵਿੱਚ ਕੀਤੀ ਗਈ ਸੀ ਜਿਸ ਵਿੱਚ ਇੱਕ ਬਲਾਕ ਜੋ ਕਿ ਟਰੈਜਰੀ ਬਲਾਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ; ਦੀ ਉਸਾਰੀ ਹੁਣ ਤੱਕ ਨਹੀਂ ਕਰਵਾਈ ਗਈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਇਸ ਟਰੈਜਰੀ ਬਲਾਕ ਦੀ ਉਸਾਰੀ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

———

## ਫਰੀਦਕੋਟ ਵਿਚਲੀਆਂ ਇੰਟਰਨਲ ਸੜਕਾਂ ਦੀ ਰਿਪੇਅਰ ਕਰਵਾਉਣਾ

***553. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਰਬਾਰ ਗੰਜ ਰੈਸਟਹਾਊਸ ਫਰੀਦਕੋਟ ਵਿਚਲੀਆਂ ਇੰਟਰਨਲ ਰੋਡਜ਼ ਦੀ ਹਾਲਤ ਕਾਫੀ ਖਰਾਬ ਹੈ; ਅਤੇ ਇਹਨਾਂ ਸੜਕਾਂ ਦਾ ਪਿਛਲੇ 8-10 ਸਾਲ ਪਹਿਲਾਂ ਕੰਮ ਕਰਵਾਇਆ ਗਿਆ ਸੀ; ਜੇਕਰ ਅਜਿਹਾ ਹੈ ਤਾਂ ਇਹਨਾਂ ਸੜਕਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਫਰੀਦਕੋਟ ਸ਼ਹਿਰ ਦੇ ਘੰਟਾ ਘਰ ਚੌਂਕ ਦੇ ਨਜ਼ਦੀਕ ਬਾਈਪਾਸ ਬਣਾਉਣਾ**

***554. (ਸੀ.ਯੂ.) ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਵਿੱਚ ਟ੍ਰੈਫਿਕ ਜਿਆਦਾ ਹੋਣ ਕਰਕੇ ਸ਼ਹਿਰ ਦੇ ਘੰਟਾ ਘਰ ਚੌਂਕ ਵਿੱਚ ਹਮੇਸ਼ਾ ਟ੍ਰੈਫਿਕ ਜਾਮ ਦੀ ਸਥਿਤੀ ਬਣੀ ਰਹਿੰਦੀ ਹੇ; ਜੇਕਰ ਅਜਿਹਾ ਹੈ ਤਾਂ ਫਰੀਦਕੋਟ–ਤਲਵੰਡੀ ਰੋਡ ਤੋਂ ਸਰਹਿੰਦ ਫੀਡਰ/ਰਾਜਸਥਾਨ ਫੀਡਰ ਦੇ ਨਾਲ–ਨਾਲ ਇੱਕ ਬਾਈਪਾਸ ਜੋ ਕਿ ਫਿਰੋਜ਼ਪੁਰ ਰੋਡ ਨੂੰ ਕਰਾਸ ਕਰਦਾ ਹੋਇਆ ਡ੍ਰੇਨ ਦੇ ਕਿਨਾਰੇ ਤੇ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਖੰਡ ਮਿੱਲਾਂ ਵਿੱਚ CoGeneration ਪਲਾਂਟ ਲਗਾਏ ਜਾਣ ਦੇ ਵੇਰਵੇ**

***556. (ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪਿਛਲੀਆਂ ਸਰਕਾਰਾਂ ਵੇਲੇ ਖੰਡ ਮਿੱਲਾਂ ਵਿੱਚ CoGeneration ਪਲਾਂਟ ਲਗਾਏ ਗਏ ਸੀ, ਉਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਪਲਾਂਟ ਕਿਹੜੀਆਂ–ਕਿਹੜੀਆਂ ਕੰਪਨੀਆਂ ਨੂੰ ਅਲਾਟ ਕੀਤੇ ਗਏ ਸਨ;

ਅ) ਜੋ ਕੰਪਨੀਆਂ ਇਹ ਪਲਾਂਟ ਨਹੀਂ ਚਲਾ ਸਕੀਆਂ ਤਾਂ ਕੀ ਸਰਕਾਰ ਨੇ ਉਹਨ੍ਹਾਂ ਕੰਪਨੀਆਂ ਤੇ ਕੋਈ ਐਕਸ਼ਨ ਲਿਆ ਹੈ;

ੲ) ਸਹਿਕਰੀ ਖੰਡ ਮਿੱਲਾਂ ਨੂੰ ਪਲਾਂਟ ਲਗਾਉਣ ਦਾ ਕੀ ਲਾਭ ਜਾਂ ਨੁੱਕਸਾਨ ਹੋਇਆ?

———

## ਭੁਲੱਥ-ਨਡਾਲਾ-ਸੁਭਾਨਪੁਰ ਸੜਕਾਂ ਦੀ ਸਪੈਸ਼ਲ ਰਿਪੇਅਰ ਕਰਵਾਉਣਾ

***559. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭੁਲੱਥ-ਨਡਾਲਾ-ਸੁਭਾਨਪੁਰ ਸੜਕ ਅਤੇ ਨਡਾਲਾ ਢਿਲਵਾਂ ਸੜਕਾਂ ਦੀ ਸਪੈਸ਼ਲ ਰਿਪੇਅਰ ਕੀਤੇ ਜਾਣ ਦੀ ਪ੍ਰਕਿਰਿਆ ਵਿਭਾਗ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਰਿਪੇਅਰ ਕਦੋਂ ਤੱਕ ਮੁਕੰਮਲ ਹੋ ਜਾਵੇਗੀ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹੈ?

---

## ਨੌਕਰੀਆਂ ਨੂੰ ਆਊਟਸੋਰਸ ਕੀਤੇ ਜਾਣ ਦੀ ਪ੍ਰਕਿਰਿਆ ਨੂੰ ਖਤਮ ਕਰਨਾ

***561. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਨੌਕਰੀਆਂ ਨੂੰ ਆਊਟਸੋਰਸ ਕੀਤੇ ਜਾਣ ਦੀ ਪ੍ਰਕਿਰਿਆ ਨੂੰ ਖਤਮ ਕਰ ਦਿੱਤਾ ਜਾਵੇਗਾ; ਜੇਕਰ ਹਾਂ ਤਾਂ ਸਿੱਖਿਆ ਵਿਭਾਗ ਵਿੱਚ 728 ਨੌਕਰੀਆਂ ਦੀ ਨਵੀਂ ਆਊਟਸੋਰਸ ਭਰਤੀ ਕਰਨ ਦੇ ਕੀ ਕਾਰਨ ਹਨ?

---

## **ਸਰਕਾਰੀ ਕਾਲਜ ਲਾਧੂਪਰ (ਗੁਰਦਾਸਪੁਰ) ਦੇ ਵੇਰਵੇ**

***563. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸਰਕਾਰੀ ਕਾਲਜ ਲਾਧੂਪਰ, ਜਿਲ੍ਹਾ ਗੁਰਦਾਸਪੁਰ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਕਾਲਜ ਵਿੱਚ ਕਿਹੜੇ-ਕਿਹੜੇ ਵਿਸ਼ਿਆਂ ਦੀ ਪੜ੍ਹਾਈ ਕਰਵਾਈ ਜਾ ਰਹੀ ਹੈ;

ਅ) ਇਸ ਕਾਲਜ ਵਿੱਚ ਕੁੱਲ ਕਿੰਨੀਆਂ ਮੰਨਜੂਰ-ਸ਼ੁਦਾ ਆਸਾਮੀਆਂ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਹਨ, ਵੇਰਵੇ ਸਹਿਤ ਦੱਸਿਆ ਜਾਵੇ;

ੲ) ਹੁਣ ਤੱਕ ਸਰਕਾਰ ਵੱਲੋਂ ਇਸ ਕਾਲਜ ਲਈ ਲੋੜੀਂਦੇ ਇਨਫਰਾਸਟ੍ਰਕਚਰ ਲਈ ਕਿੰਨੀ ਗਰਾਂਟ ਜਾਰੀ ਕੀਤੀ ਗਈ ਹੈ; ਕਿੰਨੀ ਬਕਾਇਆ ਹੈ; ਅਤੇ ਬਕਾਇਆ ਰਹਿੰਦੀ ਗਰਾਂਟ ਕਦੋਂ ਤੱਕ ਜਾਰੀ ਕਰ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

———

**ਰਾਜ ਦੀਆਂ ਜੇਲ੍ਹਾਂ ਅੰਦਰ ਚਲਾਏ ਜਾਂਦੇ ਪੈਟਰੋਲ ਪੰਪਾਂ ਦੇ ਵੇਰਵੇ**

***564. (ਸੀ.ਯੂ.) 1. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.)**

**2. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਐਮ.ਐਲ.ਏ)**

**3. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.):-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਦੀਆਂ ਕਿਹੜੀਆਂ-ਕਿਹੜੀਆਂ ਜੇਲ੍ਹਾਂ ਅੰਦਰ ਜੇਲ੍ਹ ਵਿਭਾਗ ਵੱਲੋਂ ਪੈਟਰੋਲ ਪੰਪ ਚਲਾਏ ਜਾ ਰਹੇ ਹਨ, ਇਨ੍ਹਾਂ ਦੀ ਤਾਜ਼ਾ ਸਥਿਤੀ ਅਤੇ ਗਿਣਤੀ ਕਿੰਨੀ ਹੈ, ਜੇਲ੍ਹਾਂ ਦੇ ਅੰਦਰ ਪੈਟਰੋਲ ਪੰਪ ਚਲਾਉਣ ਸਬੰਧੀ ਯੋਜਨਾ ਕਦੋਂ ਪ੍ਰਵਾਨ ਹੋਈ ਅਤੇ ਇਸ ਤੇ ਆਉਣ ਵਾਲਾ ਖਰਚਾ ਕਿਹੜੇ ਸਾਲ ਵਿੱਚ ਪ੍ਰਵਾਨ ਕੀਤਾ ਗਿਆ, ਵੇਰਵੇ ਸਹਿਤ ਦੱਸਿਆ ਜਾਵੇ;

ਅ) ਇਹਨਾਂ ਪੈਟਰੋਲ ਪੰਪਾਂ ਨੂੰ ਚਲਾਉਣ ਤੋਂ ਪਹਿਲਾਂ ਕਿਹੜੇ-ਕਿਹੜੇ ਵਿਭਾਗਾਂ ਤੋਂ ਲੋੜੀਂਦੀਆਂ ਐਨ.ਓ.ਸੀਜ਼ ਕਦੋਂ-ਕਦੋਂ ਪ੍ਰਾਪਤ ਕੀਤੀਆਂ ਗਈਆਂ;

ੲ) ਲੋੜੀਂਦੀਆਂ ਐਨ.ਓ.ਸੀਜ਼ ਪ੍ਰਾਪਤ ਕਰਨ ਸਬੰਧੀ ਸਬੰਧਤ ਵਿਭਾਗਾਂ ਕੋਲ ਕਿੰਨੀਆਂ-ਕਿੰਨੀਆਂ ਫੀਸਾਂ ਜਮ੍ਹਾਂ ਕਰਵਾਈਆਂ ਗਈਆਂ ਜਾਂ ਕਿਸੇ ਵਿਭਾਗ ਵੱਲੋਂ ਬਣਦੀ ਫੀਸ ਕਿੰਨੀ ਅਤੇ ਕਦੋਂ ਮੁਆਫ ਕੀਤੀ ਗਈ, ਬਾਰੇ ਵੀ ਵੇਰਵੇ ਦਿੱਤੇ ਜਾਣ?

---

## ਡਰੱਗ ਡੀ-ਅਡਿਕਸ਼ਨ ਪਾਲਿਸੀ ਨੂੰ ਮੁੜ ਤਿਆਰ ਕਰਨਾ

***565. (ਸੀ.ਯੂ.) ਸ਼੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਦੀ "ਡੱਰਗ ਡੀ-ਅਡਿਕਸ਼ਨ ਪਾਲਿਸੀ" ਸਰਕਾਰ ਦੁਆਰਾ ਨਿਯੰਤ੍ਰਿਤ ਵਿਕਰੀ ਅਧੀਨ ਨਸ਼ਾ ਕਰਨ ਵਾਲਿਆਂ ਲਈ ਉਪਲੱਬਧ ਪਲਾਂਟ-ਬੇਸਡ ਡਰੱਗ ਦੀ ਸੀਮਿਤ ਮਾਤਰਾ ਵਿਚ ਪ੍ਰਵਾਨਗੀ ਅਤੇ ਛੋਟ ਦੇਣ ਦੀ ਯੋਜਨਾ ਰੱਖਦੀ ਹੈ; ਜੇਕਰ ਨਹੀਂ ਤਾਂ ਸਰਕਾਰ ਰਾਜ ਵਿਚ ਡਰੱਗਜ਼ ਦੀ ਵਰਤੋਂ ਨੂੰ ਕਿਸ ਤਰ੍ਹਾਂ ਰੋਕਣ ਦਾ ਇਰਾਦਾ ਰੱਖਦੀ ਹੈਸ ਕੀ ਸਰਕਾਰ ਦੁਆਰਾ ਡਰੱਗ ਡੀ-ਅਡਿਕਸ਼ਨ ਪਾਲਿਸੀ ਬਣਾਉਣ ਦੀ ਤਜ਼ਵੀਜ ਹੈ

———

## ਸਟੇਟ ਆਫ ਗਰਾਊਂਡ ਵਾਟਰ ਰਿਪੋਰਟ 2021-22 ਤੇ ਕੀਤੀ ਕਾਰਵਾਈ ਦੇ ਵੇਰਵੇ

***566. (ਸੀ.ਯੂ.) ਸ਼੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੇਂਦਰੀ ਗਰਾਊਂਡ ਵਾਟਰ ਬੋਰਡ ਦੁਆਰਾ ਸਟੇਟ ਆਫ ਗਰਾਊਂਡ ਵਾਟਰ ਰਿਪੋਰਟ 2021-22 ਤੇ ਸਰਕਾਰ ਦੁਆਰਾ ਹੁਣ ਤੱਕ ਕੋਈ ਕਾਰਵਾਈ ਕੀਤੀ ਗਈ ਹੈ, ਜਿਸ ਵਿੱਚ ਪੰਜਾਬ ਨੂੰ 29% ਖੂਹਾਂ ਦਾ ਪਾਣੀ ਪੀਣਯੋਗ ਨਾ ਹੋਣ ਕਾਰਨ, ਸਭ ਤੋਂ ਵੱਧ ਪ੍ਰਭਾਵਿਤ ਰਾਜ ਦਰਸਾਇਆ ਗਿਆ ਹੈ, ਜੇਕਰ ਨਹੀਂ ਤਾਂ ਕੀ ਇਸ ਸਮੱਸਿਆ ਦਾ ਹਲ ਕਢੱਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

———

## ਰਾਜ ਵਿੱਚ ਇਲੈਕਟ੍ਰਾਨਿਕ ਚਾਰਜਿੰਗ ਸਟੇਸ਼ਨ ਲਗਾਉਣ ਸਬੰਧੀ ਪਾਲਿਸੀ ਬਣਾਉਣਾ

***567. (ਸੀ.ਯੂ.) ਸ਼੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ.:–** ਕੀ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਰਾਜ ਵਿੱਚ ਇਲੈਕਟ੍ਰਾਨਿਕ ਚਾਰਜਿੰਗ ਸਟੇਸ਼ਨ ਲਗਾਉਣ ਲਈ ਕੋਈ ਯੋਜਨਾ ਹੈ, ਜਿਸ ਨਾਲ ਲੋਕਾਂ ਨੂੰ ਇਲੈਕਟ੍ਰਿਕ ਚਾਰਜਿੰਗ ਸਟੇਸ਼ਨ ਲਗਾਉਣ ਲਈ ਪ੍ਰੋਤਸਾਹਨ ਪ੍ਰਦਾਨ ਕੀਤੇ ਜਾ ਸਕਣ ਅਤੇ ਰਾਜ ਵਿੱਚ ਰੋਜ਼ਗਾਰ ਪੈਦਾ ਹੋ ਸਕੇ; ਜੇਕਰ ਹਾਂ ਤਾਂ ਇਸ ਦੇ ਵੇ ਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਅਜਿਹੀ ਯੋਜਨਾ/ਪਾਲਿਸੀ ਕਦੋਂ ਤੱਕ ਬਣ ਜਾਵੇ ਗੀ?

———

## ਅੰਗਹੀਣ ਵਿਅਕਤੀਆਂ ਲਈ ਰੋਜ਼ਗਾਰ ਦੀ ਨਿਯੁਕਤੀ ਲਈ ਵਿਸ਼ੇਸ਼ ਪਾਲਿਸੀ ਬਣਾਉਣਾ

***568. (ਸੀ.ਯੂ.) ਸ਼੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ.:–** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਗਹੀਣ ਵਿਅਕਤੀਆਂ ਲਈ ਰੋਜ਼ਗਾਰ ਉਤਪੰਨ/ਨੌਕਰੀਆਂ ਦੀ ਨਿਯੁਕਤੀ ਲਈ ਉਨ੍ਹਾਂ ਨਾਲ ਸਬੰਧਤ ਡਾਟਾ ਉਪਲੱਬਧ ਕਰਾਉਣ ਲਈ ਸਰਕਾਰ ਦੀ ਕੋਈ ਵਿਸ਼ੇਸ਼ ਪਾਲਿਸੀ ਹੈਸ ਵੇਰਵੇ ਸਹਿਤ ਦੱਸਿਆ ਜਾਵੇ ; ਜੇਕਰ ਨਹੀਂ ਤਾਂ ਕੀ ਅਜਿਹੀ ਪਾਲਿਸੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਅੰਗਹੀਣ ਵਿਅਕਤੀਆਂ ਨੂੰ ਸਿਹਤ ਸਹੂਲਤਾਂ ਦੇਣ ਲਈ ਪਾਲਿਸੀ ਬਣਾਉਣਾ

***569. (ਸੀ.ਯੂ.) ਸ਼੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਗਹੀਣ ਵਿਅਕਤੀਆਂ ਨੂੰ ਸਿਹਤ ਸਬੰਧੀ ਸਹੂਲਤਾਂ ਦੇਣ ਲਈ ਸਰਕਾਰ ਦੀ ਕੋਈ ਵਿਸ਼ੇਸ਼ ਪਾਲਿਸੀ ਹੈਸ ਵੇਰਵੇ ਸਹਿਤ ਦੱਸਿਆ ਜਾਵੇ; ਜੇਕਰ ਨਹੀਂ ਤਾਂ ਕੀ ਅਜਿਹੀ ਪਾਲਿਸੀ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈਸ ਇਸ ਤੋਂ ਇਲਾਵਾ ਕੀ ਸਰਕਾਰ ਦੁਆਰਾ ਚਲਾਏ ਜਾ ਰਹੇ ਮੁਹੱਲਾ ਕਲੀਨਿਕਾਂ ਦੁਆਰਾ ਅਪਾਹਜ ਵਿਅਕਤੀਆਂ ਨੂੰ ਕੋਈ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ ਹਨ?

———

## ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਦੇ ਬੰਦ ਕੀਤੇ ਬੱਸ ਰੂਟ ਦੁਬਾਰਾ ਚਾਲੂ ਕਰਨੇ

***571. (ਸੀ.ਯੂ.) ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਮੌਜੂਦਾ ਸਰਕਾਰ ਵੱਲੋਂ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਹੇਠ ਲਿਖੇ ਬੱਸ ਰੂਟ ਰੱਦ ਕੀਤੇ ਗਏ ਹਨ;

1. ਪਠਾਨਕੋਟ ਤੋਂ ਹਰਿਦੁਆਰ ਵਾਇਆ ਦੀਨਾਨਗਰ;
2. ਮਰਾਨਾ ਤੋਂ ਚੰਡੀਗੜ੍ਹ ਵਾਇਆ ਹੈਬਤ ਪਿੰਡੀ ਅਤੇ ਪਠਾਨਕੋਟ;
3. ਦੀਨਾਨਗਰ ਤੋਂ ਪੁਰਾਣਾ ਸ਼ਾਲਾ ਤੱਕ ਮਿੰਨੀ ਬੱਸ ਰੂਟ ਅਤੇ ਵਾਈਸ ਵਰਸਾ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਕੀ ਇਨ੍ਹਾਂ ਬੱਸ ਰੂਟਾਂ ਨੂੰ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਦੀਨਾਨਗਰ ਵਿਖੇ ਬੱਸ ਸਟੈਂਡ ਦੀ ਉਸਾਰੀ ਕਰਨਾ**

***572. (ਸੀ.ਯੂ.) ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਦੀਨਾਨਗਰ ਵਿਖੇ ਸਰਕਾਰ ਨੇ ਨਵੇਂ ਬੱਸ ਸਟੈਂਡ ਦੀ ਉਸਾਰੀ ਲਈ ਪਹਿਲਾਂ ਹੀ ਪ੍ਰਵਾਨਗੀ ਦੇ ਦਿੱਤੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰੋਜੈਕਟ ਦੀ ਅਨੁਮਾਨਤ ਲਾਗਤ ਕਿੰਨੀ ਹੈ;

ਅ) ਉਪਰੋਕਤ ਬੱਸ ਸਟੈਂਡ ਤੇ ਕੰਮ ਕਦੋਂ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਕਿੰਨਾ ਅਨੁਮਾਨਤ ਸਮਾਂ ਲੱਗੇਗਾ?

———

**ਪੰਜਾਬ ਵਿੱਚ ਹੋ ਰਹੀਆਂ ਸੜਕੀ ਦੁਰਘਟਨਾਵਾਂ ਰੋਕਣਾ**

***573. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸੜਕੀ ਦੁਰਘਟਨਾਵਾਂ ਕਾਰਨ ਜੋ ਮੌਤਾਂ ਹੁੰਦੀਆਂ ਹਨ; ਉਨ੍ਹਾਂ ਨੂੰ ਰੋਕਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

———

**ਤਰਨਤਾਰਨ ਜਿਲ੍ਹੇ ਦੀ ਬੰਦ ਪਈ ਸੇਰੋਂ ਖੰਡ ਮਿੱਲ ਨੂੰ ਦੁਬਾਰਾ ਚਾਲੂ ਕਰਨਾ**

***575. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਰਨ ਤਾਰਨ ਜਿਲ੍ਹੇ ਵਿੱਚ ਸ਼ੂਗਰ ਮਿੱਲ ਸੇਰੋਂ ਬਹੁਤ ਸਾਲਾਂ ਤੋਂ ਬੰਦ ਹੈ, ਜਿਸ ਕਾਰਨ ਕਿਸਾਨਾਂ ਨੂੰ ਗੰਨਾ ਦੂਰ ਦੁਰਾਡੇ ਮਿਲਾਂ ਤੇ ਢੋਣਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਇਸ ਮਿੱਲ ਨੂੰ ਦੁਬਾਰਾ ਚਾਲੂ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਤਰਨਤਾਰਨ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣਾ

***576. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਤਰਨਤਾਰਨ ਜਿਸ ਨਾਲ ਪਾਕਿਸਤਾਨ ਦਾ ਬਾਰਡਰ ਲਗਦਾ ਹੈ ਇੱਥੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਕੋਈ ਇੰਡਸਟਰੀ ਲਗਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਤਰਨ ਤਾਰਨ ਵਿੱਚੋਂ ਲੰਘਦਾ ਕਸੂਰ ਨਾਲਾ ਪੱਕਾ ਕਰਨਾ

***577. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਰਨ ਤਾਰਨ ਸ਼ਹਿਰ ਵਿੱਚੋਂ ਲੰਘਦਾ ਕਸੂਰ ਨਾਲਾ ਬਿਮਾਰੀਆਂ ਅਤੇ ਬਦਸੂਰਤੀ ਦਾ ਘਰ ਬਣ ਗਿਆ ਹੈ ਅਤੇ ਇਸ ਦੀ ਸਾਫ ਸਫਾਈ ਅਤੇ ਸਾਈਡਾਂ ਪੱਕੀਆਂ ਕਰਨ ਲਈ 11.87 ਕਰੋੜ ਰੁਪਏ ਦਾ ਪ੍ਰੋਜੈਕਟ ਅਨੁਮਾਨ ਬਣ ਚੁੱਕਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦਾ ਸ਼ਹਿਰ ਵਿੱਚੋਂ ਲੰਘਦਾ ਹਿੱਸਾ ਕਦੋਂ ਤੱਕ ਪੱਕਾ ਹੋ ਜਾਵੇਗਾ?

———

## ਤਰਨ ਤਾਰਨ ਦੇ ਜਿਲ੍ਹਾ ਹਸਪਤਾਲ ਅਤੇ ਸਮੂਹਿਕ ਸਿਹਤ ਕੇਂਦਰ ਰਸੇਲ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ

***578. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਤਰਨ ਤਾਰਨ ਦੇ ਜਿਲ੍ਹਾ ਹਸਪਤਾਲ ਵਿੱਚ ਇੱਕ ਅਨਸਥੈਟਿਕ, ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ, ਇੱਕ ਫੋਰੈਂਸਿਕ ਮੈਡੀਕਲ ਮਾਹਿਰ, ਦੋ ਜਨਾਨਾਂ ਰੋਗਾਂ ਦੇ ਮਾਹਿਰ ਅਤੇ 9 ਜਨਰਲ ਮੈਡੀਕਲ ਅਫਸਰਾਂ ਦੀਆਂ ਅਤੇ ਸਮੂਹਿਕ ਸਿਹਤ ਕੇਂਦਰ ਰਸੇਲ ਵਿੱਚ 02 ਜਨਰਲ ਮੈਡੀਕਲ ਅਫਸਰਾਂ ਦੀਆਂ ਪੋਸਟਾਂ ਖਾਲੀ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਹ ਪੋਸਟਾਂ ਕਦੋਂ ਤੱਕ ਭਰ ਦੇਵੇਗੀ?

———

## ਸ਼੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੇ ਰਸਤੇ ਅਤੇ ਬਜ਼ਾਰਾਂ ਦਾ ਸੁੰਦਰੀਕਰਨ ਕਰਨਾ

***579. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਰਨ ਤਾਰਨ ਸ਼ਹਿਰ ਵਿਖੇ ਸ਼੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਅਤੇ ਦਰਬਾਰ ਸਾਹਿਬ ਨੂੰ ਜਾਂਦੇ ਬਜ਼ਾਰਾਂ ਦੇ ਸੁੰਦਰੀਕਰਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜਬਤ ਕਰਨਾ

***580. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਪੱਕੇ ਤੌਰ ਤੇ ਜਬਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

———

## ਅਨਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨਾ

***582. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਅਨਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਲਈ ਸਰਕਾਰ ਦੀ ਕੀ ਕੋਈ ਤਜਵੀਜ਼ ਹੈ ਅਤੇ ਭਵਿੱਖ ਵਿੱਚ ਅਨਅਧਿਕਾਰਤ ਕਲੋਨੀਆਂ ਦੇ ਵਾਧੇ ਨੂੰ ਰੋਕਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

———

## ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਨੈਤਿਕ ਸਿੱਖਿਆ ਗਿਆਨ ਦੇਣਾ

***583. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੱਚਿਆਂ/ਵਿਦਿਆਰਥੀਆਂ ਦੇ ਸਿਲੇਬਸ ਵਿੱਚ ਪੜਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਨੂੰ ਵੀ ਸ਼ਾਮਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

———

## ਸਰਕਾਰੀ ਅਤੇ ਗੈਰ ਸਰਕਾਰੀ ਇਮਾਰਤਾਂ ਦੇ ਨਕਸ਼ੇ ਪਾਸ ਕਰਨ ਸਮੇਂ Rain Harvesting Plant ਲਗਾਣਾ ਲਾਜ਼ਮੀ ਕਰਨਾ

***584. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਧਰਤੀ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਦੇਖਦਿਆਂ ਧਰਤੀ ਹੇਠਲੇ ਪਾਣੀ ਨੂੰ ਰੀ-ਚਾਰਜ ਕਰਨ ਲਈ ਸਾਰੀਆਂ ਸਰਕਾਰੀ/ਗੈਰ ਸਰਕਾਰੀ ਇਮਾਰਤਾਂ ਦੇ ਨਕਸ਼ੇ ਪਾਸ ਕਰਨ ਸਮੇਂ Rain Harvesting Plant ਲਾਜ਼ਮੀ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਵੇਰਵੇ ਸਹਿਤ ਦੱਸਿਆ ਜਾਵੇ?

———

## ਭੋਗਪੁਰ ਸ਼ੂਗਰ ਮਿੱਲ ਦਾ ਵਿਸਥਾਰ ਕਰਨਾ

***585. (ਸੀ.ਯੂ.) ਸਰਦਾਰ ਜਸਵੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭੋਗਪੁਰ ਸ਼ੂਗਰ ਮਿੱਲ ਦਾ ਵਿਸਥਾਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਲੁਧਿਆਣਾ ਦੱਖਣੀ ਵਿਖੇ ਸਕਿੱਲਡ ਸੈਂਟਰ ਖੋਲ੍ਹਣਾ

***587. (ਸੀ.ਯੂ.) ਸ਼੍ਰੀਮਤੀ ਰਾਜਿੰਦਰ ਪਾਲ ਕੌਰ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਲੁਧਿਆਣਾ (ਦੱਖਣੀ) ਵਿਖੇ ਬੱਚਿਆਂ ਨੂੰ ਸਿਖਲਾਈ ਕਿੱਤੇ ਸਿਖਾਉਣ ਲਈ ਸਕਿੱਲਡ ਸੈਂਟਰ ਖੋਲਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਨਗਰ ਪੰਚਾਇਤ ਘੜੂੰਆਂ ਦੇ ਮਾਸਟਰ ਪਲਾਨ ਦੇ ਵੇਰਵੇ

***589. (ਸੀ.ਯੂ.) ਡਾ. ਚਰਨਜੀਤ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਨਗਰ ਪੰਚਾਇਤ, ਘੜੂੰਆਂ ਦਾ ਮਾਸਟਰ ਪਲਾਨ ਕਦੋਂ ਤੱਕ ਤਿਆਰ ਹੋ ਜਾਵੇਗਾ; ਕੀ ਸਰਕਾਰ ਨਗਰ ਨਿਗਮਾਂ ਦੀ ਤਰਜ਼ ਤੇ ਨਗਰ ਪੰਚਾਇਤ, ਘੜੂੰਆਂ ਦੀ ਜ਼ੋਨਿੰਗ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

_______

## ਸਿਵਲ ਹਸਪਤਾਲ ਮੋਰਿੰਡਾ ਵਿਖੇ ਟਰੋਮਾ ਸੈਂਟਰ ਬਣਾਉਣਾ

***592. (ਸੀ.ਯੂ.) ਡਾ. ਚਰਨਜੀਤ ਸਿੰਘ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਿਵਲ ਹਸਪਤਾਲ, ਮੋਰਿੰਡਾ ਵਿਖੇ ਟਰੋਮਾ ਸੈਂਟਰ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਸ ਸਬੰਧੀ ਲੋੜੀਂਦੇ ਫੰਡਜ਼ ਕਦੋਂ ਤੱਕ ਜਾਰੀ ਕਰ ਦਿੱਤੇ ਜਾਣਗੇ?

_______

## ਪੁਰਾਣੀ ਪੈਨਸ਼ਨ ਸਕੀਮ ਤਹਿਤ ਮੁਲਾਜ਼ਮਾਂ ਦੇ ਜੀ.ਪੀ. ਫੰਡ ਦੇ ਵੇਰਵੇ

***593. (ਸੀ.ਯੂ.) ਡਾ. ਚਰਨਜੀਤ ਸਿੰਘ, ਐਮ.ਐਲ.ਏ.:–** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ 2004 ਤੋਂ ਬਾਅਦ ਭਰਤੀ ਹੋਏ ਸਰਕਾਰੀ ਮੁਲਾਜ਼ਮਾਂ ਲਈ ਲਾਗੂ ਕੀਤੀ ਪੁਰਾਣੀ ਪੈਨਸ਼ਨ ਸਕੀਮ ਤਹਿਤ ਮੁਲਾਜ਼ਮਾਂ ਦਾ ਜੀ.ਪੀ.ਐਫ. ਕਦੋਂ ਤੋਂ ਕੱਟਣਾ ਸ਼ੁਰੂ ਕੀਤਾ ਜਾਵੇਗਾ;

ਅ) ਕੀ ਸਰਕਾਰ ਇਨ੍ਹਾਂ ਮੁਲਾਜ਼ਮਾਂ ਦੀ ਐਨ.ਪੀ.ਐਸ ਵਿੱਚ ਜਮ੍ਹਾਂ ਰਾਸ਼ੀ ਨੂੰ ਜੀ.ਪੀ.ਐਫ ਵਿੱਚ ਟਰਾਂਸਫਰ ਕਰਨ ਦਾ ਵਿਚਾਰ ਰੱਖਦੀ ਹੈ ਜਾਂ ਨਹੀਂ; ਵੇ ਰਵੇ ਸਹਿਤ ਦੱਸਿਆ ਜਾਵੇ;

ੲ) ਕੀ ਪੁਰਾਣੀ ਪੈਨਸ਼ਨ ਸਕੀਮ ਦੀ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਬਾਅਦ ਭਰਤੀ ਹੋਏ ਨਵੇਂ ਮੁਲਾਜ਼ਮਾਂ ਨੂੰ ਵੀ ਪੁਰਾਣੀ ਪੈਨਸ਼ਨ ਸਕੀਮ ਤਹਿਤ ਕਵਰ ਕੀਤਾ ਜਾ ਰਿਹਾ ਹੈ ਜਾਂ ਉਨ੍ਹਾਂ ਨੂੰ ਐਨ.ਪੀ.ਐਸ. ਸਕੀਮ ਤਹਿਤ ਕੀਤਾ ਜਾ ਰਿਹਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਸਾਲ 2018-19 ਦੌਰਾਨ ਪਾਮ ਸਟਰੀਟ ਨਾਮਕ ਪ੍ਰੋਜੈਕਟ ਦੀ ਮੁਕੰਮਲ ਜਾਂਚ ਕਰਵਾਉਣਾ

***595. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੁਢਲਾਡਾ ਸ਼ਹਿਰ ਵਿਚ 2018-19 ਦੌਰਾਨ ਇਕ "ਪਾਮ ਸਟਰੀਟ" ਨਾਮਕ ਪ੍ਰੋਜੈਕਟ ਅਧੀਨ ਰੇਲਵੇ ਰੋਡ ਤੇ ਕਾਫੀ "ਪਾਮ" ਦਰਖਤ ਲਾਏ ਗਏ ਸਨ; ਪਰ ਅੱਜ ਸਿਰਫ 02 ਜਾਂ 03 ਹੀ ਪਾਮ ਦਰੱਖਤ ਖੜੇ ਹਨ, ਬਾਕੀ ਖਤਮ ਹੋ ਗਏ ਹਨ ਅਤੇ ਇਸ ਪ੍ਰੋਜੈਕਟ ਲਈ ਸੜਕਾਂ ਦੀ ਸੁੰਦਰਤਾ ਵੀ ਅਧੂਰੀ ਪਈ ਹੈ ਅਤੇ ਰੇਲਵੇ ਰੋਡ ਤੇ ਘਟੀਆ ਮੈਟੀਰੀਅਲ ਵੀ ਲੱਗਿਆ ਹੋਇਆ ਹੈ;

ਅ) ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਦੀ ਮੁਕੰਮਲ ਜਾਂਚ ਕਰਾਵੇਗੀ ਅਤੇ ਅਧਿਕਾਰੀਆਂ ਦੀ ਜਿੰਮੇਵਾਰੀ ਫਿਕਸ ਕਰੇਗੀ?

---

## ਬੁਢਲਾਡਾ ਦੇ ਸ਼ਹਿਰ ਬੋਹਾ ਵਿਖੇ ਸਰਕਾਰੀ ਸੈਕੰਡਰੀ ਸਕੂਲ (ਗਰਲਜ਼) ਦੀ ਚਾਰ ਦੀਵਾਰੀ ਕਰਨਾ

***596. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਸ਼ਹਿਰ ਬੋਹਾ ਵਿਖੇ ਸਰਕਾਰੀ ਸੈਕੰਡਰੀ ਸਕੂਲ (ਗਰਲਜ਼) ਲਈ ਸੇਠ ਮੌਲੀ ਰਾਮ ਨੇ ਇਕ ਏਕੜ ਸੱਤ ਮਰਲੇ ਜ਼ਮੀਨ ਦਾਨ ਵਿੱਚ ਦਿੱਤੀ ਸੀਸ ਜੇਕਰ ਅਜਿਹਾ ਹੈ ਤਾਂ ਇਸ ਜਮੀਨ ਨੂੰ ਸ਼ਨਾਖਤ ਕਰਕੇ ਵਿਭਾਗ ਵਲੋਂ ਇਸ ਦੀ ਚਾਰ ਦਿਵਾਰੀ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

---

**ਬੁਢਲਾਡਾ ਦੇ ਗੁਰੂ ਤੇਗ ਬਹਾਦਰ ਸਟੇਡੀਅਮ ਲਈ ਗ੍ਰਾਂਟ ਜਾਰੀ ਕਰਨਾ**

***598. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਸ਼ਹਿਰ ਵਿੱਚ ਜੋ ਗੁਰੂ ਤੇਗ ਬਹਾਦਰ ਸਟੇਡੀਅਮ ਬਣਿਆ ਹੋਇਆ ਹੈ, ਉਸ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਸਟੇਡੀਅਮ ਦੀ ਰੈਨੋਵੇਸ਼ਨ ਲਈ ਕੋਈ ਵਿਸ਼ੇਸ਼ ਗ੍ਰਾਂਟ ਜਾਰੀ ਕਰੇਗੀ; ਜੇਕਰ ਹਾਂ ਤਾਂ ਕਦੋ ਤੱਕ?

———

**ਸਰਕਾਰੀ ਹਸਪਤਾਲ ਬਰੇਟਾ ਵਿਖੇ ਸਹਾਇਕ ਸਟਾਫ ਦੀ ਨਿਯੁਕਤੀ ਕਰਨਾ**

***599. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰੇਟਾ ਵਿਖੇ ਇਸਤਰੀਆਂ ਦੀ ਡਲੀਵਰੀ ਕਰਨ ਲਈ "ਲੇਡੀ ਡਾਕਟਰ" ਨੇ ਜੁਆਇਨ ਕੀਤਾ ਹੈ ਪਰ ਸਹਾਇਕ ਸਟਾਫ ਨਾ ਹੋਣ ਕਰਕੇ ਉਥੇ ਕੰਮ ਠੀਕ ਢੰਗ ਨਾਲ ਨਹੀਂ ਹੋ ਰਿਹਾ; ਜੇ ਕਰ ਅਜਿਹਾ ਹੈ ਤਾਂ ਕੀ ਸਰਕਾਰ ਸਰਕਾਰੀ ਹਸਪਤਾਲ ਬਰੇਟਾ ਵਿਖੇ ਸਹਾਇਕ ਸਟਾਫ (ਸਟਾਫ ਨਰਸ, ਦਰਜਾ ਚਾਰ, ਇਨਸਥੀਜੀਆ) ਦੀ ਨਿਯੁਕਤੀ ਕਰੇਗੀ; ਜੇ ਕਰ ਹਾਂ ਤਾਂ ਕਦੋਂ ਤੱਕ?

———

## ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਬਣੀ ਜਟਾਵਾ ਕੈਚੀਆਂ ਤੋਂ ਨਥੇਹੇ ਤੱਕ ਸੜਕ ਬਣਾਉਣਾ

***602. (ਸੀ.ਯੂ.) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਬਣੀ ਜਟਾਵਾ ਕੈਚੀਆਂ (ਹਲਕਾ ਸਰਦੂਲਗੜ੍ਹ, ਜਿਲ੍ਹਾ ਮਾਨਸਾ) ਤੋਂ ਨਥੇਹੇ ਤੱਕ ਦੀ ਸੜਕ ਬਿਲਕੁੱਲ ਟੁੱਟ ਚੁੱਕੀ ਹੈਸ ਜੇਕਰ ਅਜਿਹਾ ਹੈ ਤਾਂ ਕੀ ਇਸ ਨੂੰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈਸ ਜੇਕਰ ਹੈ ਤਾਂ ਕਦੋਂ ਤੱਕ?

———

## N.O.C. ਲਈ 20 ਸਾਲਾਂ ਦੀ ਮਿਆਦ ਘਟਾਉਣਾ/ਖਤਮ ਕਰਨਾ

***603. (ਸੀ.ਯੂ.) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਅਤੇ ਖਾਸ ਕਰਕੇ ਹਲਕਾ ਸਰਦੂਲਗੜ੍ਹ ਦੇ ਪੱਕੇ ਖਾਲ ਸਮੇਂ ਤੋਂ ਪਹਿਲਾਂ ਹੀ ਟੁੱਟ ਚੁੱਕੇ ਹਨ ਜਿਹਨਾਂ ਦੀ ਐਨ.ਓ.ਸੀ. ਖਾਲ ਮਹਿਕਮੇ ਵੱਲੋਂ ਨਹੀਂ ਦਿੱਤੀ ਜਾਂਦੀ; ਜੇਕਰ ਅਜਿਹਾ ਹੈ ਤਾਂ ਕੀ ਐਨ.ਓ.ਸੀ. ਲਈ 20 ਸਾਲ ਦੀ ਮਿਆਦ ਘਟਾਉਣ ਜਾਂ ਖਤਮ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈਸ ਜੇਕਰ ਹੈ ਤਾਂ ਕਦੋਂ ਤੱਕ?

———

## ਖਾਲਾਂ ਦੀ ਮੁਰੰਮਤ ਲਈ ਸਰਕਾਰ ਵੱਲੋਂ ਦਿੱਤੀ ਜਾਂਦੀ 90% ਰਾਸ਼ੀ ਜਲਦੀ ਜਾਰੀ ਕਰਨਾ

***604. (ਸੀ.ਯੂ.) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਕਿਸਾਨਾਂ ਨੂੰ ਸਿੰਚਾਈ ਲਈ ਦਿੱਤੇ ਜਾਂਦੇ ਪਾਣੀ ਦੇਣ ਲਈ ਜੋ ਖਾਲ ਬਣੇ ਹੋਏ ਹਨ ਉਹਨਾਂ ਦੀ ਮੁਰੰਮਤ ਲਈ ਕਿਸਾਨਾਂ ਵੱਲੋਂ ਸਰਕਾਰ ਨੂੰ 10% ਰਕਮ ਦਿੱਤੀ ਜਾ ਚੁੱਕੀ ਹੈ ਅਤੇ ਬਾਕੀ ਦੀ 90% ਰਕਮ ਸਰਕਾਰ ਵੱਲੋਂ ਜਾਰੀ ਕੀਤੀ ਜਾਣੀ ਹੈ; ਜੇਕਰ ਅਜਿਹਾ ਹੈ ਤਾਂ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਰਾਸ਼ੀ ਜਲਦੀ ਜਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਉਸਦੇ ਵੇਰਵੇ ਕੀ ਹਨ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਿੰਨੇ ਕਿਸਾਨਾਂ ਵੱਲੋਂ ਕਿੰਨੀ ਰਾਸ਼ੀ ਸਰਕਾਰ ਕੋਲ ਜਮ੍ਹਾਂ ਕਰਵਾਈ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਹਲਕਾ ਸਰਦੂਲਗੜ੍ਹ ਦੇ ਲੋਕਾਂ ਲਈ ਪੀਣ ਯੋਗ ਨਹਿਰੀ ਪਾਣੀ ਦੀ ਸਪਲਾਈ ਦੇਣਾ

***605. (ਸੀ.ਯੂ.) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਹਲਕਾ ਸਰਦੂਲਗੜ੍ਹ ਦੇ ਵਾਟਰ ਵਰਕਸ ਦੁਆਰਾ ਧਰਤੀ ਹੇਠਲਾ ਪਾਣੀ ਟਿਊਬਵੈੱਲ ਰਾਹੀਂ ਲੋਕਾਂ ਨੂੰ ਸਪਲਾਈ ਕੀਤਾ ਜਾ ਰਿਹਾ ਹੈ ਜੋ ਕਿ ਪੀਣ ਦੇ ਯੋਗ ਨਹੀਂ ਹੈ;

ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਪਲਾਈ ਲਈ ਦਿੱਤੇ ਜਾ ਰਹੇ ਟਿਊਬਵੈੱਲ ਦਾ ਪਾਣੀ ਜਾਂਚ ਕਰਕੇ ਦਿੱਤਾ ਜਾ ਰਿਹਾ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ਅਤੇ ਕੀ ਹਲਕੇ ਨੂੰ ਨਹਿਰੀ ਪਾਣੀ ਨਾਲ ਜੋੜਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਟਰਾਂਸਪੋਰਟਰਾਂ ਦੇ ਹਿੱਤਾਂ ਦੀ ਰਾਖੀ ਲਈ ਟਰਾਂਸਪੋਰਟ ਪਾਲਿਸੀ ਬਣਾਉਣਾ

***606. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਸਰਕਾਰ ਦੁਆਰਾ ਟਰਾਂਸਪੋਰਟ ਪਾਲਿਸੀ ਬਣਾਉਣ ਹਿੱਤ ਕੋਈ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਹੋਈ ਹੈ; ਜੇਕਰ ਕੀਤੀ ਹੋਈ ਹੈ ਤਾਂ ਉਸ ਵਿੱਚ ਕਿਹੜੇ-ਕਿਹੜੇ ਮੈਂਬਰ ਸ਼ਾਮਲ ਕੀਤੇ ਗਏ ਹਨਸ

ਅ) ਇਹ ਟਰਾਂਸਪੋਰਟ ਪਾਲਿਸੀ ਬਣਾਉਣ ਦਾ ਕੰਮ ਕਦੋਂ ਤੱਕ ਮੁਕੰਮਲ ਕਰਕੇ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

———

## ਜੀਰਕਪੁਰ ਸ਼ਹਿਰ ਵਿਖੇ ਸਰਕਾਰੀ ਕਾਲਜ ਬਣਾਉਣਾ

***608. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੀਰਕਪੁਰ ਸ਼ਹਿਰ ਵਿਖੇ ਸਰਕਾਰੀ ਕਾਲਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਕਰ ਹੈ ਤਾਂ ਕਦੋਂ ਤੱਕ?

———

## ਕਾਲੀ ਵੇਈਂ ਦੀ ਸ਼ਾਨ ਨੂੰ ਮੁੜ ਸਥਾਪਿਤ ਕਰਨਾ

***609. (ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ "ਕਾਲੀ ਵੇਈਂ" ਦੀ ਵਾਸਤਵਿਕ ਸਥਿਤੀ ਦੇ ਅਨੁਰੂਪ ਇਸਦੀ ਸ਼ਾਨ ਨੂੰ ਮੁੜ ਸਥਾਪਿਤ ਕਰਨ ਦੇ ਸਬੰਧ ਵਿੱਚ ਕੀ ਕਦਮ ਚੁੱਕੇ ਜਾ ਰਹੇ ਹਨ ਜਾਂ ਚੁੱਕੇ ਜਾਣ ਦੀ ਤਜਵੀਜ਼ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਲਤੀਫਪੁਰਾ (ਜਲੰਧਰ) ਤੋਂ ਉਜਾੜ ਕੇ ਬੇਘਰ ਕੀਤੇ ਗਏ ਵਸਨੀਕਾਂ ਨੂੰ ਮੁੜ ਵਸਾਉਣਾ

***611. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਲਤੀਫਪੁਰਾ (ਜਲੰਧਰ) ਤੋਂ ਉਜਾੜ ਕੇ ਬੇਘਰ ਕੀਤੇ ਗਏ ਵਸਨੀਕਾਂ ਦੇ ਮੁੜ ਵਸੇਂਵੇ ਸਬੰਧੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਪ੍ਰਕਿਰਿਆ ਕਦੋਂ ਤੱਕ ਮੁਕੰਮਲ ਹੋ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

———

## ਫਾਜਿਲਕਾ ਨੂੰ ਦੂਜਿਆਂ ਸ਼ਹਿਰਾਂ ਨਾਲ ਜੋੜਨ ਵਾਲੀਆਂ ਸੜਕਾਂ ਨੂੰ 4 ਲੇਨ ਕਰਨਾ

***613. (ਸੀ.ਯੂ.) ਸ਼੍ਰੀ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਫਾਜਿਲਕਾ ਨੂੰ ਦੂਸਰਿਆਂ ਜ਼ਿਲ੍ਹਿਆਂ/ਸ਼ਹਿਰਾਂ ਨਾਲ ਜੋੜਨ ਵਾਲੀਆਂ ਸੜਕਾਂ ਜਿਵੇਂ ਕਿ ਫਾਜਿਲਕਾ ਤੋਂ ਫਿਰੋਜ਼ਪੁਰ, ਫਾਜਿਲਕਾ ਤੋਂ ਮਲੋਟ ਅਤੇ ਫਾਜਿਲਕਾ ਤੋਂ ਅਬੋਹਰ ਨੂੰ 4 ਲੇਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਫਾਜਿਲਕਾ ਜ਼ਿਲ੍ਹੇ ਵਿੱਚ ਆਰ.ਟੀ.ਓ. ਦੀ ਤਾਇਨਾਤੀ ਕਰਨਾ

***614. (ਸੀ.ਯੂ.) ਸ਼੍ਰੀ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਫਾਜਿਲਕਾ ਜ਼ਿਲ੍ਹੇ ਵਿੱਚ ਹੁਣ ਤੱਕ ਆਰ.ਟੀ.ਓ. ਦੀ ਤਾਇਨਾਤੀ ਨਹੀਂ ਕੀਤੀ ਗਈ, ਜੇਕਰ ਅਜਿਹਾ ਹੈ ਤਾਂ ਇਥੇ ਆਰ.ਟੀ.ਓ. ਦੀ ਤਾਇਨਾਤੀ ਕਦੋਂ ਤੱਕ ਕੀਤੀ ਜਾਵੇਗੀ?

———

## ਫਾਜਿਲਕਾ ਦੇ ਸਰਕਾਰੀ ਮਲਟੀ–ਪਰਪਜ਼ ਸਟੇਡੀਅਮ ਵਿਖੇ ਬੱਚਿਆਂ ਦੀ ਟ੍ਰੇਨਿੰਗ ਲਈ ਕੋਚ ਤਾਇਨਾਤ ਕਰਨਾ

***615. (ਸੀ.ਯੂ.) ਸ਼੍ਰੀ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਫਾਜਿਲਕਾ ਵਿਖੇ ਸਰਕਾਰੀ ਮਲਟੀ–ਪਰਪਜ਼ ਸਟੇਡੀਅਮ ਵਿਖੇ ਬੱਚਿਆਂ ਨੂੰ ਟ੍ਰੇਨਿੰਗ ਦੇਣ ਲਈ ਕੋਈ ਵੀ ਕੋਚ ਤਾਇਨਾਤ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਇੱਥੇ ਪੱਕੇ ਤੌਰ ਤੇ ਕੋਚ ਕਦੋਂ ਤੱਕ ਤਾਇਨਾਤ ਕੀਤਾ ਜਾਵੇਗਾ?

———

## ਕੋਆਪਰੇਟਿਵ ਖੰਡ ਮਿਲ ਦੀ ਰਹਿੰਦ ਖੂੰਦ ਤੋਂ ਬਿਜਲੀ ਤਿਆਰ ਕਰਨਾ

***616. (ਸੀ.ਯੂ.) ਸ਼੍ਰੀ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:–

ੳ) ਪਿਛਲੀ ਸਰਕਾਰ ਨੇ ਫਾਜਿਲਕਾ ਵਿਖੇ ਕੋਆਪਰੇਟਿਵ ਖੰਡ ਮਿਲ ਦੀ ਰਹਿੰਦ ਖੂੰਦ ਤੋਂ ਬਿਜਲੀ ਤਿਆਰ ਕਰਨ ਲਈ ਜੋ ਪਲਾਂਟ ਲਗਾਇਆ ਗਿਆ ਸੀ ਕੀ ਉਹ ਠੀਕ ਕੰਮ ਕਰ ਰਿਹਾ ਹੈ;

ਅ) ਜੇਕਰ ਉਪਰੋਕਤ ਦਾ ਉੱਤਰ ਹਾਂ ਵਿੱਚ ਹੈ ਤਾਂ ਉਸਤੋਂ ਕਿੰਨੀ ਬਿਜਲੀ ਦਾ ਉਤਪਾਦਨ ਕੀਤਾ ਜਾ ਰਿਹਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਹਲਕਾ ਫਾਜਿਲਕਾ ਦੇ ਐਮ.ਆਰ ਸਰਕਾਰੀ ਕਾਲਜ ਵਿਖੇ ਮਾਸਟਰਸ ਦੇ ਕੋਰਸ ਚਾਲੂ ਕਰਨਾ

***617. (ਸੀ.ਯੂ.) ਸ਼੍ਰੀ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਾਜਿਲਕਾ ਵਿਖੇ ਐਮ.ਆਰ ਸਰਕਾਰੀ ਕਾਲਜ ਵਿੱਚ ਕੇਵਲ 2–3 ਗਰੈਜੁਏਟ ਡਿਗਰੀਆਂ ਦੇ ਕੋਰਸ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਥੇ ਦੂਜੇ ਕੋਰਸਾਂ ਦੇ ਨਾਲ–ਨਾਲ ਮਾਸਟਰਸ ਦੇ ਕੋਰਸ ਵੀ ਚਾਲੂ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

———

**ਜੀਰਕਪੁਰ ਵਿਖੇ ਟਰਾਮਾ ਸੈਂਟਰ ਬਣਾਉਣਾ**

***618. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜੀਰਕਪੁਰ ਵਿਖੇ ਟਰਾਮਾ ਸੈਂਟਰ ਬਣਾਉਣ ਦੀ ਤਜਵੀਜ਼ ਉੱਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

———

**ਪਿੰਡ ਝਰਮੜੀ ਵਿਖੇ ਗੇਟ ਵੇਅ ਆਫ ਪੰਜਾਬ ਬਣਾਉਣਾ**

***619. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੰਜਾਬ ਤੇ ਹਰਿਆਣਾ ਦੀ ਹੱਦ ਉੱਤੇ ਪੈਂਦੇ ਪਿੰਡ ਝਰਮੜੀ ਵਿਖੇ ਗੇਟ ਵੇਅ ਆਫ ਪੰਜਾਬ ਬਣਾਉਣ ਦੀ ਤਜਵੀਜ਼ ਤੇ ਵਿਚਾਰ ਕਰੇਗੀ; ਜੇਕਰ ਕਰੇਗੀ ਤਾਂ ਇਸ ਬਾਰੇ ਲੋੜੀਂਦੀ ਕਾਰਵਾਈ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

———

**ਡੇਰਾਬੱਸੀ ਤੋਂ ਪਿੰਡ ਬਾਕਰਪੁਰ ਤੋਂ ਸਤਾਬਗੜ੍ਹ ਵਿਖੇ ਕਾਜ਼ ਵੇਅ ਬਣਾਉਣਾ**

***621. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਡੇਰਾਬੱਸੀ ਅਤੇ ਜੀਰਕਪੁਰ ਦੀ ਟਰੈਫਿਕ ਦੀ ਸਮੱਸਿਆ ਦਾ ਹੱਲ ਕਰਨ ਹਿਤ ਲਾਈਟ ਵਹੀਕਲਜ਼ ਲਈ ਡੇ ਰਾਬੱਸੀ ਤੋਂ ਪਿੰਡ ਬਾਕਰਪੁਰ ਤੋਂ ਸਤਾਬਗੜ੍ਹ ਵਿਖੇ ਕਾਜ਼ ਵੇਅ ਬਣਾਉਣ ਬਾਰੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਇਸ ਬਾਰੇ ਲੋੜੀਂਦੀ ਕਾਰਵਾਈ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ, ਵੇਰਵੇ ਦਿੱਤੇ ਜਾਣ?

———

## ਹਲਕਾ ਡੇਰਾਬੱਸੀ ਵਿਖੇ ਪੈਂਦੇ ਨਗਰ ਕੌਂਸਲਾਂ/ਨਗਰ ਪੰਚਾਇਤ ਵਿੱਚ ਸਟਾਫ ਦੀ ਘਾਟ ਪੂਰੀ ਕਰਨਾ

***622. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਵਿਖੇ ਪੈਂਦੇ ਨਗਰ ਕੌਂਸਲਾਂ/ਨਗਰ ਪੰਚਾਇਤ ਵਿੱਚ ਕਿਹੜੇ ਕਿਹੜੇ ਸਟਾਫ ਦੀ ਕਿੰਨੀ ਕਿੰਨੀ ਘਾਟ ਹੈ ਅਤੇ ਸਰਕਾਰ ਸਟਾਫ ਦੀ ਇਸ ਘਾਟ ਨੂੰ ਕਦੋਂ ਤੱਕ ਪੂਰੀ ਕਰ ਦੇਵੇਗੀ; ਇਸ ਬਾਰੇ ਵੇਰਵੇ ਦਿੱਤੇ ਜਾਣ?

———

## ਆਲੂਆਂ ਦੀ ਫਸਲ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨਾ

***623. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਆਲੂਆਂ ਦੀ ਫਸਲ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਬਾਰੇ ਵਿਚਾਰ ਕਰੇਗੀ; ਜੇਕਰ ਕਰੇਗੀ ਤਾਂ ਇਸ ਬਾਰੇ ਲੋੜੀਂਦੀ ਕਾਰਵਾਈ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

———

## ਹਲਕਾ ਭੁਲੱਥ ਦੇ ਕਾਲਜਾਂ ਨੂੰ ਟੇਕਓਵਰ ਕਰਨਾ

***624. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁਲੱਥ ਦੇ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ, ਪਬਲਿਕ ਕਾਲਜ ਸਮਾਣਾ, ਗੁਰੂ ਤੇਗ ਬਹਾਦਰ ਕਾਲਜ ਭਵਾਨੀਗੜ੍ਹ (ਸੰਗਰੂਰ) ਅਤੇ ਬੀ.ਡੀ. ਆਰੀਆ ਕਾਲਜ ਜਲੰਧਰ ਨੂੰ ਟੇਕਓਵਰ ਕਰਨ ਦੀ ਪ੍ਰਕਿਰਿਆ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਉਸ ਦੇ ਕੀ ਵੇਰਵੇ ਹਨ ਅਤੇ ਇਸ ਪ੍ਰਕਿਰਿਆ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ?

———

## ਸੂਬੇ ਦੇ ਚੌਂਕੀਦਾਰਾਂ ਦੇ ਮਾਣ ਭੱਤੇ ਵਿੱਚ ਵਾਧਾ ਕਰਨਾ

***625. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਸੂਬੇ ਦੇ ਚੌਂਕੀਦਾਰਾਂ ਦੇ ਮਾਣ ਭੱਤੇ ਵਿੱਚ ਵਾਧਾ ਕਰਨ ਦੀ ਪ੍ਰਕਿਰਿਆ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਜੇਕਰ ਹਾਂ ਤਾਂ ਇਸ ਦੇ ਵੇਰਵੇ ਦਿੱਤੇ ਜਾਣ ਅਤੇ ਇਹ ਪ੍ਰਕਿਰਿਆ ਕਦੋਂ ਤੱਕ ਮੁਕੰਮਲ ਹੋ ਜਾਵੇਗੀ?

———

## ਲਹਿਰਾ ਤੋਂ ਮੂਨਕ ਤੱਕ ਸੜਕ ਦੀ ਰੀਕਾਰਪੈੱਟਿੰਗ ਕਰਨਾ

***626. (ਸੀ.ਯੂ.) ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਲਹਿਰਾ ਤੋਂ ਮੂਨਕ ਤੱਕ ਸੜਕ ਤੇ ਬਣੇ ਲਹਿਲਕਲਾਂ ਦੇ ਲਾਗੇ ਡਰੇਨ ਦਾ ਅਤੇ ਬਲ੍ਹੇਰਾ ਤੇ ਸੂਏ ਦੇ ਪੁੱਲਾਂ ਦੀ ਚੌੜਾਈ ਸਿਰਫ 10 ਫੁੱਟ ਹੈ ਅਤੇ ਉੱਥੇ ਮੋੜ ਵੀ ਹਨ ਜਿਸ ਕਾਰਨ ਕਿਸੇ ਅਨਸੁਖਾਵੀਂ ਘਟਨਾ ਦਾ ਡਰ ਬਣਿਆ ਰਹਿੰਦਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਲਹਿਰਾ ਤੋਂ ਮੂਨਕ ਤੱਕ ਸੜਕ ਦੀ ਹਾਲਤ ਵੀ ਬਹੁਤ ਖਸਤਾ ਹੋ ਚੁੱਕੀ ਹੈ; ਹਰਿਆਣਾ ਤੋਂ ਸੁਨਾਮ ਜਾਣ ਲਈ ਇਸੇ ਸੜਕ ਤੇ ਆਵਾਜਾਈ ਰਹਿੰਦੀ ਹੈ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਉਕਤ ਸੜਕ ਦੀ ਰੀਕਾਰਪੈੱਟਿੰਗ ਕਰਨ ਅਤੇ ਪੁੱਲਾਂ ਨੂੰ ਚੌੜਾ ਕਰਕੇ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਲਹਿਰਾਗਾਗਾ ਦੀ ਅਨਾਜ ਮੰਡੀ ਵੱਡੀ ਕਰਨਾ

*627. (ਸੀ.ਯੂ.) ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ.:- ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲਹਿਰਾਗਾਗਾ ਦੀ ਅਨਾਜ ਮੰਡੀ ਬਹੁਤ ਛੋਟੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਮੰਡੀ ਨੂੰ ਵੱਡੀ ਕਰਨ ਅਤੇ ਸ਼ਹਿਰ ਤੋਂ ਬਾਹਰ ਖੁੱਲ੍ਹੇ ਸਥਾਨ ਤੇ ਲਿਜਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

---

## ਹਲਕਾ ਲਹਿਰਾਗਾਗਾ ਦੇ ਪਿੰਡ ਖਨੌਰੀ ਤੋਂ ਠਸਕੇ ਤੱਕ ਸੜਕ ਦੀ ਮੁਰੰਮਤ ਕਰਵਾਉਣਾ

***629. (ਸੀ.ਯੂ.) ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਹਲਕਾ ਲਹਿਰਾਗਾਗਾ ਦੇ ਪਿੰਡ ਖਨੌਰੀ ਤੋਂ ਠਸਕੇ ਤੱਕ ਭਾਖੜਾ ਨਹਿਰ ਦੇ ਨਾਲ ਨਾਲ ਜੋ ਸੜਕ ਹੈ ਉਸਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ ਅਤੇ ਇਸਦਾ ਲੈਵਲ ਨਹਿਰ ਦੇ ਬਿਲਕੁੱਲ ਬਰਾਬਰ ਹੈ;

ਅ) ਕੀ ਇਹ ਵੀ ਠੀਕ ਹੈ ਭਾਖੜਾ ਨਹਿਰ ਅਤੇ ਸੜਕ ਵਿਚਾਲੇ ਕੋਈ ਵੀ ਰੇਲਿੰਗ ਜਾਂ ਦੀਵਾਰ ਨਹੀਂ ਹੈ ਜਿਸ ਨਾਲ ਆਉਣ ਜਾਣ ਵਾਲੇ ਵਾਹਨ ਸਿੱਧਾ ਨਹਿਰ ਵਿੱਚ ਹੀ ਡਿੱਗ ਜਾਂਦੇ ਹਨ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਉਕਤ ਸੜਕ ਦੀ ਮੁਰੰਮਤ ਕਰਵਾਉਣ ਅਤੇ ਵਾਪਰ ਰਹੀਆਂ ਘਟਨਾਵਾਂ ਨੂੰ ਵੇਖਦੇ ਹੋਏ ਭਾਖੜਾ ਨਹਿਰ ਅਤੇ ਸੜਕ ਵਿਚਾਲੇ ਰੇਲਿੰਗ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

---

## ਪੰਜਾਬ ਮੰਡੀ ਬੋਰਡ ਸਪੈਸ਼ਲ ਰਿਪੇਅਰ ਪ੍ਰੋਜੈਕਟ ਅਧੀਨ ਜਗਰਾਉਂ ਵਿੱਚ ਰਿਪੇਅਰ ਕੀਤੀਆਂ ਸੜਕਾਂ ਦੇ ਵੇਰਵੇ

***630. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪੰਜਾਬ ਮੰਡੀ ਬੋਰਡ ਸਪੈਸ਼ਲ ਰਿਪੇਅਰ ਪ੍ਰੋਜੈਕਟ ਅਧੀਨ ਜਗਰਾਉਂ ਵਿੱਚ ਕਿੰਨੀਆਂ ਸੜਕਾਂ ਦੀ ਰਿਪੇਅਰ ਕੀਤੀ ਗਈ ਸੀ;

ਅ) ਲਿੰਕ ਸੜਕਾਂ ਦੇ ਨਵ–ਨਿਰਮਾਣ ਅਤੇ ਚੌੜਾ ਕਰਨ ਪ੍ਰੋਜੈਕਟ ਤਹਿਤ ਜਗਰਾਉਂ ਵਿੱਚ ਕਿੰਨੀਆਂ ਲਿੰਕ ਸੜਕਾਂ ਨੂੰ ਚੌੜਾ ਕਰਨ ਦੀ ਪ੍ਰਵਾਨਗੀ ਮਿਲੀ ਹੈ;

ੲ) ਇੰਨ੍ਹਾਂ ਸੜਕਾਂ ਵਿੱਚੋਂ ਕਿੰਨੀਆਂ ਲਿੰਕ ਸੜਕਾਂ ਦਾ ਰਿਪੇਅਰ ਦਾ ਕੰਮ ਲਈ ਮੁਕੰਮਲ ਹੋ ਚੁੱਕਿਆਂ ਹੈ ਅਤੇ ਕਿੰਨੀਆਂ ਸੜਕਾਂ ਦਾ ਕੰਮ ਪ੍ਰਗਤੀ ਅਧੀਨ ਹੈ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

———

## ਹਲਕਾ ਜਗਰਾਉਂ ਵਿੱਚ ਪੈਂਦੇ ਪੁੱਲ ਬਾਰਦੇਕੇ, ਡੱਲਾ, ਮਲਕ ਦੀ ਰੀਕਾਰਪੈੱਟਿੰਗ/ਅੱਪਗ੍ਰੇਡੇਸ਼ਨ ਕਰਨਾ

***631. (ਸੀ.ਯੂ.) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਵਿੱਚ ਪੈਂਦੇ ਪੁੱਲ ਬਾਰਦੇਕੇ, ਡੱਲਾ ਅਤੇ ਮਲਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਉਕਤ ਪੁੱਲਾਂ ਦੀ ਰੀਕਾਰਪੈਂਟਿੰਗ ਜਾਂ ਅੱਪਗ੍ਰੇਡੇਸ਼ਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਸਰਕਾਰੀ ਕਾਲਜ ਭੁਲੱਥ ਵਿਖੇ ਟੀਚਿੰਗ ਫੈਕਲਟੀ ਦੀਆਂ ਖਾਲੀ ਅਸਾਮੀਆਂ ਭਰਨਾ

***632. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਕਾਲਜ ਭੁਲੱਥ ਵਿਖੇ ਮਨਜ਼ੂਰ 11 ਟੀਚਿੰਗ ਫੈਕਲਟੀ ਦੀਆਂ ਖਾਲੀ ਅਸਾਮੀਆਂ ਭਰਨ ਦੀ ਪ੍ਰਕਿਰਿਆ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਪ੍ਰਕਿਰਿਆ ਕਦੋਂ ਤੱਕ ਮੁਕੰਮਲ ਹੋ ਜਾਵੇਗੀ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

———

## ਫਾਜਿਲਕਾ ਵਿੱਚ ਸਾਦਕੀ/ਸੁਲੇਮਾਨਕੀ ਬਾਰਡਰ ਨੂੰ ਸੈਰ ਸਪਾਟੇ ਵੱਜੋਂ ਵਿਕਸਿਤ ਕਰਨਾ

***633. (ਸੀ.ਯੂ.) ਸਰਦਾਰ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਾਜਿਲਕਾ ਵਿੱਚ ਸਾਦਕੀ/ਸੁਲੇਮਾਨਕੀ ਬਾਰਡਰ ਉਪਰ ਝੰਡਾ ਉਤਾਰਨ ਦੀ ਰਸਮ ਹੁੰਦੀ ਹੈ, ਜਿੱਥੇ ਸੈਲਾਨੀ ਵੀ ਆਉਦੇ ਹਨ ਪਰੰਤੂ ਇਸ ਨੂੰ ਸੈਰ ਸਪਾਟੇ ਦੀ ਜਗ੍ਹਾਂ ਵਜੋਂ ਵਿਕਸਿਤ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਸਾਦਕੀ/ਸੁਲੇਮਾਨਕੀ ਬਾਰਡਰ ਨੂੰ ਸੈਰ ਸਪਾਟੇ ਵਜੋਂ ਵਿਕਸਿਤ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਉਪਰ ਕੰਮ ਸ਼ੁਰੂ ਕੀਤਾ ਜਾਵੇਗਾ?

———

## ਫਾਜਿਲਕਾ ਵਿੱਚ ਫੂਡ ਪ੍ਰੋਸੈਸਿੰਗ ਦੇ ਮਾਈਕਰੋ ਯੂਨਿਟ ਸਥਾਪਤ ਕਰਨਾ

***634. (ਸੀ.ਯੂ.) ਸਰਦਾਰ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਾਜਿਲਕਾ ਹਲਕਾ ਸਰਹੱਦੀ ਖੇਤਰ ਹੋਣ ਕਾਰਨ ਇਥੇ ਉਦਯੋਗ ਬਹੁਤ ਘੱਟ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਫਾਜਿਲਕਾ ਵਿੱਚ ਉਦਯੋਗ ਨੂੰ ਪ੍ਰਫੁੱਲਿਤ ਕਰਨ ਲਈ ਇੱਥੇ ਫੋਕਲ ਪੁਆਇੰਟ ਬਣਾਉਣ ਅਤੇ ਫੂਡ ਪ੍ਰੋਸੈਸਿੰਗ ਦੇ ਮਾਇਕਰੋ ਯੂਨਿਟ ਸਥਾਪਤ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਉਪਰ ਕੰਮ ਕੀਤਾ ਜਾਵੇਗਾ?

———

## ਫਾਜਿਲਕਾ ਵਿਖੇ ਕ੍ਰਿਕੇਟ ਸਟੇਡੀਅਮ ਬਣਾਉਣਾ

***635. (ਸੀ.ਯੂ.) ਸਰਦਾਰ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਾਜਿਲਕਾ ਵਿੱਚ ਕ੍ਰਿਕੇਟ ਦਾ ਕੋਈ ਵੀ ਗਰਾਂਉਡ ਨਹੀ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਫਾਜਿਲਕਾ ਵਿੱਚ ਕੋਈ ਕ੍ਰਿਕੇਟ ਸਟੇਡੀਅਮ ਬਣਾਉਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਫਾਜਿਲਕਾ ਤੋਂ ਚੰਡੀਗੜ੍ਹ ਅਤੇ ਨਵੀਂ ਦਿੱਲੀ ਲਈ ਸਰਕਾਰੀ ਏ.ਸੀ. ਬੱਸ ਦੀ ਸਹੂਲਤ ਦੇਣਾ

***636. (ਸੀ.ਯੂ.) ਸਰਦਾਰ ਨਰਿੰਦਰਪਾਲ ਸਿੰਘ ਸਵਨਾ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਾਜਿਲਕਾ ਤੋਂ ਚੰਡੀਗੜ੍ਹ ਅਤੇ ਨਵੀਂ ਦਿੱਲੀ ਲਈ ਕੋਈ ਵੀ ਸਰਕਾਰੀ ਏ.ਸੀ. ਵੋਲਵੋ ਬੱਸਾਂ ਦੀ ਸਰਵਿਸ ਨਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਫਾਜਿਲਕਾ ਤੋਂ ਦਿੱਲੀ ਅਤੇ ਚੰਡੀਗੜ੍ਹ ਲਈ ਸਰਕਾਰੀ ਏ.ਸੀ. ਵੋਲਵੋ ਬੱਸਾਂ ਚਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਡੇਰਾਬੱਸੀ ਦੇ ਕਸਬਾ ਹੰਡੇਸਰਾ ਵਿਖੇ ਫਾਇਰ ਬ੍ਰਿਗੇਡ ਅਤੇ ਲੋੜੀਂਦਾ ਸਟਾਫ ਉਪਲਬੱਧ ਕਰਵਾਉਣਾ

***637. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਡੇਰਾਬੱਸੀ ਵਿੱਚ ਪੈਂਦੇ ਕਸਬਾ ਹੰਡੇਸਰਾ ਵਿਖੇ ਫਾਇਰ ਬ੍ਰਿਗੇਡ ਅਤੇ ਲੋੜੀਂਦਾ ਸਟਾਫ ਕਦੋਂ ਤੱਕ ਉਪਲਬੱਧ ਕਰਵਾ ਦਿੱਤਾ ਜਾਵੇਗਾ?

———

## ਹਲਕਾ ਡੇਰਾਬੱਸੀ ਦੇ ਕਸਬਾ ਹੰਡੇਸਰਾ ਵਿਖੇ ਐਂਬੂਲੈਂਸ ਸੇਵਾਵਾਂ ਉਪਲੱਬਧ ਕਰਵਾਉਣਾ

***638. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਹਲਕਾ ਡੇਰਾਬੱਸੀ ਵਿੱਚ ਪੈਂਦੇ ਕਸਬਾ ਹੰਡੇਸਰਾ ਵਿਖੇ ਐਂਬੂਲੈਂਸ ਦੀਆਂ ਸੇਵਾਵਾਂ ਕਦੋਂ ਤੱਕ ਉਪਲੱਬਧ ਕਰਵਾ ਦਿੱਤੀਆਂ ਜਾਣਗੀਆਂ, ਇਸ ਬਾਰੇ ਸਮਾਂ ਸੀਮਾ ਸਹਿਤ ਦੱਸਿਆ ਜਾਵੇ?

———

## ਡੇਰਾਬੱਸੀ ਦੇ ਪਿੰਡਾਂ ਲਈ ਬੱਸ ਸੇਵਾ ਸ਼ੁਰੂ ਕਰਨਾ

***639. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਡੇਰਾਬੱਸੀ ਵਿੱਚ ਪੈਂਦੇ ਪਿੰਡ ਅੰਬਛਪਾ, ਜੰਡੋਲੀ ਅਤੇ Tardak ਆਦਿ ਪਿੰਡਾਂ ਲਈ ਸਰਕਾਰੀ ਬੱਸ ਦੀ ਸੁਵਿਧਾ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਪਿੰਡਾਂ ਲਈ ਸਰਕਾਰੀ ਬੱਸ ਸੇਵਾ ਕਦੋਂ ਸ਼ੁਰੂ ਕਰ ਦਿੱਤੀ ਜਾਵੇਗੀ?

———

## ਕਕਰਾਲੀ ਤੋਂ ਸਨੌਲੀ ਤੱਕ ਦੀ ਕੋਜਵੇਅ ਸੜਕ ਦਾ ਨਵੀਨੀਕਰਨ ਕਰਨਾ

***640. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਕਰਾਲੀ ਤੋਂ ਸਨੌਲੀ ਤੱਕ ਦੀ ਕੋਜਵੇਅ ਸੜਕ ਦਾ ਨਵੀਨੀਕਰਨ ਦਾ ਕੰਮ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

———

## ਕੋਆਪਰੇਟਿਵ ਸੁਸਾਇਟੀਆਂ ਵਿੱਚ ਨਵੇਂ ਹੱਦ ਕਰਜ਼ੇ ਬਣਾਉਣਾ

***642. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਕੋਆਪਰੇਟਿਵ ਸੁਸਾਇਟੀਆਂ ਵਿੱਚ ਨਵੇਂ ਹੱਦ ਕਰਜ਼ੇ ਨਹੀਂ ਬਣ ਰਹੇ ਅਤੇ ਜਿੰਨ੍ਹਾਂ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ ਉਨ੍ਹਾਂ ਦੇ ਵਾਰਿਸਾ ਨੂੰ ਹੱਦ ਕਰਜ਼ੇ ਟਰਾਂਸਫਰ ਨਹੀਂ ਹੋ ਰਹੇ; ਜੇਕਰ ਅਜਿਹਾ ਹੈ ਤਾਂ ਇਸਦੇ ਕਾਰਨ ਕੀ ਹਨ ਅਤੇ ਕੀ ਹੱਦ ਕਰਜ਼ੇ ਨਵੇਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਰਜ਼ੇ ਜੇਕਰ ਬਣ ਰਹੇ ਹਨ ਤਾਂ ਕੀ ਕਿਸਾਨਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

———

## ਠੱਠੀ ਭਾਈ ਅਤੇ ਸੇਖਾ ਹਸਪਤਾਲ ਨੂੰ ਮੁੜ ਚਾਲੂ ਕਰਨਾ

**643. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਘਾਪੁਰਾਣਾ ਵਿਖੇ ਠੱਠੀ ਭਾਈ ਅਤੇ ਸੇਖਾ ਹਸਪਤਾਲ ਦੀ ਇਮਾਰਤ ਪਿਛਲੇ 50 ਸਾਲਾਂ ਤੋਂ ਵਰਤੋਂ ਵਿੱਚ ਨਾ ਹੋਣ ਕਾਰਨ ਪੁਰਾਣੀ ਹੋ ਚੁੱਕੀ ਹੈ ਜੋ ਕਿ ਲਗਭਗ 7 ਏਕੜ ਵਿੱਚ ਫੈਲੀ ਹੈ; ਜੇਕਰ ਅਜਿਹਾ ਹੈ ਤਾਂ ਕੀ ਉਕਤ ਹਸਪਤਾਲ ਨੂੰ ਮੁੜ ਚਲਾਉਣ ਜਾਂ ਇਸੇ ਜਮੀਨ ਦੀ ਹੋਰ ਵਰਤੋਂ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ?

———

## ਹਲਕਾ ਬਾਘਾਪੁਰਾਣਾ ਵਿਖੇ ਨਹਿਰੀ ਪਾਣੀ ਦੀ ਸਪਲਾਈ ਟੇਲਾਂ ਤੱਕ ਪਹੁੰਚਾਣਾ

***644. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਹਲਕਾ ਬਾਘਾਪੁਰਾਣਾ ਵਿਖੇ ਨਹਿਰੀ ਪਾਣੀ ਦੀ ਸਪਲਾਈ ਟੇਲਾਂ ਤੱਕ ਨਾ ਪਹੁੰਚਣ ਅਤੇ ਰਜਵਾਹਿਆ ਅਤੇ ਖਾਲਾ ਦੀ ਖਸਤਾ ਹਾਲਤ ਦੇ ਕੀ ਕਾਰਨ ਹਨ;

ਅ) ਕੀ ਉਪਰੋਕਤ ਵਰਣਿਤ ਖਾਲਾਂ ਅਤੇ ਰਜਵਾਹਿਆਂ ਦੀ ਮੁਰੰਮਤ ਕਰਨ ਅਤੇ ਟੇਲਾਂ ਤੇ ਪਾਣੀ ਪਹੁੰਚਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਇਮੀਗਰੇਸ਼ਨ ਏਜੰਟਾਂ ਲਈ ਨਿਯਮ ਤਹਿ ਕਰਨਾ

***645. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸੂਬੇ ਵਿਚ ਕੰਮ ਕਰ ਰਹੇ ਇਮੀਗਰੇਸ਼ਨ ਏਜੰਟਾਂ ਲਈ ਕੋਈ ਨਿਯਮ ਤਹਿ ਕੀਤੇ ਗਏ ਹਨ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ;

ਅ) ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕੀ ਕਾਰਵਾਈ ਹੋਈ ਹੈ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

______

## ਸਰਕਾਰੀ ਨਿਰਮਾਣ ਕਾਰਜ ਲਈ ਵਰਤੀ ਜਾਂਦੀ ਸਮੱਗਰੀ ਨੂੰ ਸਰਕਾਰ ਤੋਂ ਖਰੀਦਣ ਲਈ ਨਿਯਮ ਬਣਾਉਣਾ

***647. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੂਬੇ ਵਿੱਚ ਹੋ ਰਹੇ ਸਰਕਾਰੀ ਨਿਰਮਾਣ ਕਾਰਜ ਜਿਵੇਂ ਸੜਕਾਂ, ਇਮਾਰਤਾਂ ਅਤੇ ਹੋਰ ਸਿੱਧੀਆਂ ਗ੍ਰਾਂਟਾ ਪ੍ਰਾਪਤ ਕਰਕੇ ਕਰਵਾਏ ਜਾਂਦੇ ਕਾਰਜਾਂ ਲਈ ਵਰਤੀ ਜਾਂਦੀ ਸਮੱਗਰੀ ਨੂੰ ਸਰਕਾਰ ਤੋਂ ਖਰੀਦਣ ਦੇ ਕੋਈ ਨਿਯਮ ਬਣਾਏ ਜਾਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

______

## ਹਲਕਾ ਬਾਘਾਪੁਰਾਣਾ ਵਿਖੇ ਕਾਲਜ ਬਣਾਉਣਾ

***648. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਘਾਪੁਰਾਣਾ ਦੇ ਪਿੰਡ ਨੱਥੂਵਾਲਾ ਦੇ ਇੱਕ ਪਰਿਵਾਰ ਨੇ ਆਪਣੀ ਨਿਜੀ 14 ਏਕੜ ਜਮੀਨ 2009-10 ਵਿੱਚ ਪੰਜਾਬ ਯੂਨੀਵਰਿਸਟੀ ਨੂੰ ਕਾਲਜ ਬਣਾਉਣ ਦੇ ਮੰਤਵ ਲਈ ਦਿੱਤੀ ਸੀ, ਪਰ ਉਸਤੋਂ ਬਾਅਦ ਹੁਣ ਤੱਕ ਉਸਤੇ ਕੋਈ ਕੰਮ ਨਹੀਂ ਹੋਇਆ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਉਸ ਸਥਾਨ ਤੇ ਕੋਈ ਸਿੱਖਿਆ, ਮੈਡੀਕਲ ਸਹੂਲਤ ਆਦਿ ਪ੍ਰਦਾਨ ਕਰਨ ਲਈ ਕੋਈ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਵੇਰਵੇ ਦੱਸੇ ਜਾਣ?

———

## ਪੰਜਾਬੀ ਪਰਵਾਸੀਆਂ ਲਈ ਸੂਬੇ ਵਿੱਚ ਵਪਾਰਿਕ ਨਿਵੇਸ਼ ਦੀ ਯੋਜਨਾ ਬਣਾਉਣਾ

***649. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪਰਵਾਸੀ ਪੰਜਾਬੀ ਜੋ ਕਿ ਪੰਜਾਬ ਵਿੱਚ ਵਪਾਰ ਕਰਨ ਦੇ ਇਛੁੱਕ ਹਨ ਲਈ ਸਰਕਾਰ ਕੋਈ ਯੋਜਨਾ ਬਣਾ ਰਹੀ ਹੈ, ਤਾਂ ਕਿ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਜਾ ਸਕੇ; ਜੇਕਰ ਹਾਂ ਤਾਂ ਉਸਦੇ ਵੇਰਵੇ ਦੱਸੇ ਜਾਣ ਅਤੇ ਜੇਕਰ ਨਹੀਂ ਤਾਂ ਕੀ ਭਵਿੱਖ ਵਿੱਚ ਕੋਈ ਯੋਜਨਾ ਬਣਾਉਣ ਤੇ ਵਿਚਾਰ ਕੀਤਾ ਜਾ ਸਕਦਾ ਹੈ;

ਅ) ਉਪਰੋਕਤ ਵਰਣਿਤ ਪੰਜਾਬੀ ਪਰਵਾਸੀਆਂ ਦੇ ਸੂਬੇ ਵਿੱਚ ਵਪਾਰਿਕ ਨਿਵੇਸ਼ ਦੀ ਸਹੂਲਤ ਨੂੰ ਦੇਖਦੇ ਹੋਏ ਕੋਈ Single Window System ਸ਼ੁਰੂ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਸੂਬੇ ਦੇ ਲੋਕਾਂ ਨੂੰ ਆਪਣੇ ਹੀ ਦੇਸ਼ ਵਿੱਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨਾ

***651. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:–** ਕੀ ਨਿਵੇਸ਼ ਪ੍ਰੋਤਸਾਹਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਸੂਬੇ ਦੇ ਵਸਨੀਕ ਬੈਂਕਾਂ ਤੋਂ ਕਰਜਾ ਆਦਿ ਲੈ ਕੇ ਵਿਦੇਸ਼ਾਂ ਵਿੱਚ ਜਾ ਵਸਦੇ ਹਨ;

ਅ) ਕੀ ਇਹ ਵੀ ਠੀਕ ਹੈ ਕਿ ਮੰਨੋਰੰਜਨ ਜਗਤ ਦੇ ਕਲਾਕਾਰ ਵੀ ਆਪਣੇ ਦੇਸ਼ ਵਿੱਚੋਂ ਪੈਸਾ ਕਮਾ ਕੇ ਬਾਹਰ ਇਨਵੈਸਟਮੈਂਟ ਕਰ ਰਹੇ ਹਨ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸੂਬੇ ਦੇ ਲੋਕਾਂ ਨੂੰ ਆਪਣੇ ਹੀ ਦੇਸ਼/ਰਾਜ ਵਿੱਚ ਹੀ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨ ਲਈ ਸਰਕਾਰ ਕੋਈ ਉਪਰਾਲੇ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਸਿੱਖਿਆ ਦੇ ਖੇਤਰ ਵਿੱਚ ਪੂਰੇ ਹੋਏ ਪ੍ਰੋਜੈਕਟਾਂ ਦੇ ਕੰਮਾਂ ਦਾ ਵੇਰਵਾ

***652. (ਸੀ.ਯੂ.) ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੌਜੂਦਾ ਵਿੱਤੀ ਸਾਲ ਵਿਚ ਸਿੱਖਿਆ ਦੇ ਖੇਤਰ ਵਿੱਚ ਕਿਹੜੇ ਪ੍ਰੋਜੈਕਟਾਂ ਦਾ ਕੰਮ ਪੂਰਾ ਹੋਇਆ ਹੈ ਅਤੇ ਕਿਹੜੇ ਪ੍ਰੋਜੈਕਟਾਂ ਦਾ ਕੰਮ 20% ਤੋਂ ਵੀ ਘੱਟ ਹੋਇਆ ਹੈ; ਵੇਰਵੇ ਸਾਹਿਤ ਜਾਣਕਾਰੀ ਦਿੱਤੀ ਜਾਵੇ?

———

## ਮੌਜੂਦਾ ਵਿੱਤੀ ਸਾਲ ਦੌਰਾਨ ਅਧਿਆਪਕਾਂ ਦੀਆਂ ਨੌਕਰੀਆਂ ਲਈ ਭਰਤੀ ਦੇ ਵੇਰਵੇ

***653. (ਸੀ.ਯੂ.) ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਅਧਿਆਪਕਾਂ ਦੀਆਂ ਕਿੰਨੀਆਂ ਨੌਕਰੀਆਂ ਲਈ ਇਸ਼ਤਿਹਾਰ ਜਾਰੀ ਕਰਕੇ ਭਰਤੀ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਅਤੇ ਕਿੰਨੀਆਂ ਭਰਤੀਆਂ ਕੀਤੀਆਂ ਗਈਆਂ?

———

## ਉਦਯੋਗਿਕ ਫੋਕਲ ਪੁਆਇੰਟ ਅਬੋਹਰ ਵਿੱਚ ਬਿਜਲੀ ਕੁਨੈਕਸ਼ਨ ਮੁਹੱਈਆ ਕਰਵਾਉਣਾ

***655. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਉਦਯੋਗਿਕ ਫੋਕਲ ਪੁਆਇੰਟ ਅਬੋਹਰ ਵਿੱਚ ਪਿਛਲੇ ਇਕ ਸਾਲ ਤੋਂ ਬਿਜਲੀ ਦੇ ਕੁਨੈਕਸ਼ਨ ਨਹੀਂ ਦਿੱਤੇ ਗਏ ਹਨ;

ਅ) ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਕੀ ਸਰਕਾਰ ਸਮਾਂ–ਬੱਧ ਢੰਗ ਨਾਲ ਬਿਜਲੀ ਦੇ ਕੁਨੈਕਸ਼ਨ ਮੁਹੱਈਆ ਕਰਵਾਉਣ ਲਈ ਕਿਸੇ ਤਜਵੀਜ ਤੇ ਵਿਚਾਰ ਕਰੇਗੀ?

———

## ਹਲਕਾ ਜਲਾਲਾਬਾਦ ਦੀਆਂ ਡਰੇਨਾਂ ਦੇ ਵੇਰਵੇ

***658. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਜਲਾਲਾਬਾਦ ਵਿੱਚੋਂ ਕੁੱਲ ਕਿੰਨੀਆਂ ਡਰੇਨਜ਼ ਲੰਘਦੀਆਂ ਹਨ;

ਅ) ਕੀ ਇਨ੍ਹਾਂ ਡਰੇਨਜ਼ ਦੀ ਖੁਦਾਈ ਸਰਕਾਰੀ ਨਕਸ਼ੇ ਮੁਤਾਬਿਕ ਕੀਤੀ ਹੋਈ ਹੈ ਅਤੇ ਕੀ ਡਰੇਨਜ਼ ਦੇ ਦੋਵੇਂ ਪਾਸੇ ਐਨਕਰੋਚਮੈਂਟ ਰਹਿਤ ਹਨ;

ੲ) ਜੇਕਰ ਐਨਕਰੋਚਮੈਂਟ ਕੀਤੀ ਹੋਈ ਹੈ ਤਾਂ ਨਿਸ਼ਾਨਦੇਹੀ ਕਰਕੇ ਕਦੋਂ ਤੱਕ ਕਬਜ਼ਾ ਛੁਡਵਾ ਲਿਆ ਜਾਵੇਗਾ?

———

## ਹਲਕਾ ਜਲਾਲਾਬਾਦ (ਪ) ਦੀ ਨਗਰ ਕੌਂਸਲ ਦੀਆਂ ਇਤਿਹਾਸਕ ਬਿਲਡਿੰਗਾਂ ਦੇ ਵੇਰਵੇ

***659. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਜਲਾਲਾਬਾਦ (ਪ) ਜ਼ਿਲ੍ਹਾ ਫਾਜ਼ਿਲਕਾ ਦੀ ਨਗਰ ਕੌਂਸਲ ਵਿੱਚ ਕੁੱਲ ਕਿੰਨੀਆਂ ਇਤਿਹਾਸਕ ਬਿਲਡਿੰਗਾਂ ਹਨ;

ਅ) ਕੀ ਰਾਣੀ ਗੇਟ ਵੀ ਇਤਿਹਾਸਕ ਬਿਲਡਿੰਗ ਹੈ; ਵੇਰਵੇ ਸਹਿੱਤ ਦੱਸਿਆ ਜਾਵੇ?

———

## ਨਗਰ ਕੌਂਸਲ ਜਲਾਲਾਬਾਦ (ਪ) ਦੀਆਂ ਕਲੋਨੀਆਂ ਦੇ ਵੇਰਵੇ

***660. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਨਗਰ ਕੌਂਸਲ ਜਲਾਲਾਬਾਦ (ਪ) ਜ਼ਿਲ੍ਹਾ ਫਾਜ਼ਿਲਕਾ ਵਿੱਚ ਕੁੱਲ ਕਿੰਨੀਆਂ ਕਲੋਨੀਆਂ ਹਨ;

ਅ) ਕੀ ਇਹ ਕਲੋਨੀਆਂ ਅਧਿਕਾਰਤ ਤੌਰ ਤੇ ਸਰਕਾਰ ਵੱਲੋਂ ਪ੍ਰਵਾਨਤ ਹਨ; ਜੇ ਕਰ ਨਹੀਂ ਤਾਂ ਸਰਕਾਰ ਇਨ੍ਹਾਂ ਕਲੋਨੀਆਂ ਖਿਲਾਫ ਕੀ ਕਾਰਵਾਈ ਕਰ ਰਹੀ ਹੈ?

———

## ਸਿਵਲ ਹਸਪਤਾਲ ਜਲਾਲਾਬਾਦ (ਪ) ਵਿੱਚ ਬੈੱਡਾਂ ਦੀ ਕਪੈਸਟੀ ਵਧਾਉਣਾ

***661. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਿਵਲ ਹਸਪਤਾਲ ਜਲਾਲਾਬਾਦ (ਪ) ਵਿੱਚ ਕਿੰਨੇ ਬੈੱਡਾਂ ਦੀ ਕਪੈਸਿਟੀ ਹੈ?

ਅ) ਕੀ ਇਹ ਠੀਕ ਹੈ ਕਿ ਇਸ ਹਸਪਤਾਲ ਦੀ ਬੈੱਡ ਕਪੈਸਿਟੀ 50 ਬੈੱਡ ਤੋਂ ਘਟਾ ਕੇ 24 ਬੈੱਡ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਹਸਪਤਾਲ ਦੀ ਕਪੈਸਟੀ 50 ਜਾਂ 100 ਬੈੱਡਾਂ ਦੀ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਜਲਾਲਾਬਾਦ (ਪ) ਅਧੀਨ ਪੈਂਦੀਆਂ ਨਹਿਰਾਂ ਦੇ ਬਰਮਾਂ ਦੀ ਨਿਸ਼ਾਨਦੇਹੀ ਕਰਵਾ ਕੇ ਪੱਕਾ ਕਰਨਾ

***662. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ (ਪ) ਜ਼ਿਲ੍ਹਾ ਫਾਜ਼ਿਲਕਾ ਅਧੀਨ ਪੈਂਦੀਆਂ ਨਹਿਰਾਂ ਦੇ ਬਰਮਾਂ ਦੀ ਨਿਸ਼ਾਨਦੇਹੀ ਕਰਵਾ ਕੇ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕੰਮ ਕਦੋਂ ਤੱਕ ਮੁਕੰਮਲ ਕਰਵਾ ਦਿੱਤਾ ਜਾਵੇਗਾ?

———

## ਪਿੰਡਾਂ ਨੂੰ ਮਿਲੀਆਂ ਗ੍ਰਾਂਟਾਂ ਅਤੇ ਗ੍ਰਾਂਟਾਂ ਖਰਚਣ ਸਬੰਧੀ ਵੇਰਵਿਆਂ ਦਾ ਬੋਰਡ ਸਾਂਝੀ ਥਾਂ ਤੇ ਲਗਾਉਣਾ

***663. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਵਿੱਚ ਪੰਜਾਬ ਸਰਕਾਰ/ਕੇਂਦਰ ਸਰਕਾਰ ਵੱਲੋਂ ਸਮੇਂ-ਸਮੇਂ ਆਈ/ਜਾਰੀ ਕੀਤੀ ਗਈ ਗ੍ਰਾਂਟ ਅਤੇ ਉਨ੍ਹਾਂ ਗ੍ਰਾਂਟਾਂ ਨੂੰ ਖਰਚ ਕਰਨ ਸਬੰਧੀ ਵੇਰਵੇ ਦਾ ਬੋਰਡ ਪੰਚਾਇਤ ਘਰਾਂ/ਸਾਂਝੀ ਥਾਂ ਤੇ ਲਗਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਬੋਰਡ ਕਦੋਂ ਤੱਕ ਲਗਾ ਦਿੱਤੇ ਜਾਣਗੇ ਜਾਂ ਅੱਪਡੇਟ ਕਰਵਾ ਦਿੱਤੇ ਜਾਣਗੇ?

———

## ਹਲਕਾ ਜਲਾਲਾਬਾਦ (ਪ) ਦੇ ਪਿੰਡਾਂ ਵਿੱਚ ਵਾਟਰ ਸਪਲਾਈ ਪਾਈਪਾਂ ਪਾਉਣੀਆਂ

***664. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ (ਪ) ਦੇ ਪਿੰਡਾਂ ਵਿੱਚ ਅਤੇ ਪਿੰਡਾਂ ਤੋਂ ਬਾਹਰ ਹਵੇਲੀਆਂ/ਢਾਣੀਆਂ ਤੱਕ ਵੀ 100 ਪ੍ਰਤੀਸ਼ਤ ਵਾਟਰ ਸਪਲਾਈ ਪਾਈਪਾਂ ਪਾਈਆਂ ਜਾ ਚੁੱਕੀਆਂ ਹਨ; ਜੇਕਰ ਨਹੀਂ ਤਾਂ ਇਹ ਪਾਈਪਾਂ ਕਦੋਂ ਤੱਕ ਪਾ ਦਿੱਤੀਆਂ ਜਾਣਗੀਆ?

———

## ਜਲਾਲਾਬਾਦ (ਪ) ਨਗਰ ਕੌਂਸਲ ਵਿੱਚ ਲੱਗੇ ਐਸ.ਟੀ.ਪੀ. ਦੀ ਸਮੱਰਥਾ ਵਧਾਉਣਾ

***666. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਜਲਾਲਾਬਾਦ (ਪ) ਨਗਰ ਕੌਂਸਲ ਵਿੱਚ ਲਗੇ ਐਸ.ਟੀ.ਪੀ. ਦੀ ਸਮਰੱਥਾ ਕਿੰਨੀ ਹੈ;

ਅ) ਕੀ ਇਸ ਐਸ.ਟੀ.ਪੀ. ਦੀ ਸਮਰਥਾ ਸ਼ਹਿਰ ਦੀ ਅਬਾਦੀ ਮੁਤਾਬਿਕ ਹੈ;

ੲ) ਜੇਕਰ ਐਸ.ਟੀ.ਪੀ. ਦੀ ਸਮਰਥਾ ਘੱਟ ਹੈ ਤਾਂ ਇਸ ਐਸ.ਟੀ.ਪੀ. ਨੂੰ ਕਦੋਂ ਤੱਕ ਵੱਡਾ/ਅਪਗ੍ਰੇਡ ਕਰਵਾ ਦਿੱਤਾ ਜਾਵੇਗਾ?

———

## ਸਬ-ਡਵੀਜ਼ਨਲ ਸਿਵਲ ਹਸਪਤਾਲ ਜਲਾਲਾਬਾਦ (ਪ) ਨੂੰ ਸਿਹਤ ਵਿਭਾਗ ਦੇ ਅਧੀਨ ਕਰਨਾ

***667. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਬ-ਡਵੀਜ਼ਨਲ ਸਿਵਲ ਹਸਪਤਾਲ ਜਲਾਲਾਬਾਦ (ਪ) ਜੋ ਕਿ ਮੌਜੂਦਾ ਸਮੇਂ ਦੌਰਾਨ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਅਧੀਨ ਹੈ, ਨੂੰ ਸਿਹਤ ਵਿਭਾਗ ਦੇ ਅਧੀਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਨਗਰ ਕੌਂਸਲ ਜਲਾਲਾਬਾਦ (ਪ) ਵਿਖੇ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੁਨੈਕਸ਼ਨਾ ਦੇ ਵੇਰਵੇ

***670. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਨਗਰ ਕੌਂਸਲ ਜਲਾਲਾਬਾਦ (ਪ) ਜ਼ਿਲ੍ਹਾ ਫਾਜ਼ਿਲਕਾ ਵਿੱਚ ਨਹਿਰ ਤੋਂ ਪਾਣੀ ਸਪਲਾਈ ਅਤੇ ਵਾਰਟਰ ਵਰਕਸ ਤੇ ਤਲਾਬ ਵਿੱਚ ਪਾਣੀ ਇਕੱਠਾ ਅਤੇ ਫਿਲਟਰ ਕਰਨ ਉਪਰੰਤ ਘਰਾਂ ਨੂੰ ਦੇਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਨਗਰ ਕੌਂਸਲ ਜਲਾਲਾਬਾਦ (ਪ) ਵਿੱਚ ਕੁੱਲ ਵਾਟਰ ਸਪਲਾਈ ਤੇ ਸੀਵਰੇਜ ਦੇ ਕੁੱਲ ਕਿੰਨੇ ਕੁਨੈਕਸ਼ਨ ਹਨ;

ੲ) ਕੀ ਇਹ ਦੋਵੇਂ ਤਰ੍ਹਾਂ ਦੇ ਕੁਨੈਕਸ਼ਨ ਅਬਾਦੀ ਦੇ ਅਧਾਰ ਮੁਤਾਬਿਕ ਸਹੀ ਹਨ?

———

## ਸਰਕਾਰੀ ਹਸਪਤਾਲ ਜੀਰਾ ਵਿਖੇ ਡਾਇਲਸਿਸ ਮਸ਼ੀਨ ਦੀ ਸੁਵਿਧਾ ਦੇਣਾ

***671. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜੀਰਾ ਹਲਕੇ ਦੇ ਕਿਸੇ ਵੀ ਸਰਕਾਰੀ ਹਸਪਤਾਲ ਵਿੱਚ ਡਾਇਲਸਿਸ ਮਸ਼ੀਨ ਨਹੀ ਹੈ, ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਸਰਕਾਰੀ ਹਸਪਤਾਲ ਜੀਰਾ ਵਿਖੇ ਡਾਇਲਸਿਸ ਮਸ਼ੀਨ ਦੀ ਸੁਵਿਧਾ ਦੇਣ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋ ਤੱਕ ਇਹ ਸੁਵਿਧਾ ਮੁਹੱਈਆ ਕਰਵਾ ਦਿੱਤੀ ਜਾਵੇਗੀ;

ਅ) ਵਿਧਾਨ ਸਭਾ ਹਲਕਾ ਜੀਰਾ ਦੇ ਸਰਕਾਰੀ ਹਸਪਤਾਲਾਂ ਵਿੱਚ ਮਾਹਿਰ ਡਾਕਟਰਾਂ ਦੀਆਂ ਮਨਜੂਰਸੁਦਾ ਅਸਾਮੀਆਂ ਕਿੰਨੀਆਂ ਹਨ ਅਤੇ ਮੌਜੂਦਾ ਸਮੇਂ ਵਿੱਚ ਕੰਮ ਕਰ ਰਹੇ ਮਾਹਿਰ ਡਾਕਟਰਾਂ ਦੀ ਕੁੱਲ ਗਿਣਤੀ ਕਿੰਨੀ ਹੈ; ਇਨ੍ਹਾਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਤਜ਼ਵੀਜ ਹੈ?

———

## ਹਲਕਾ ਜੀਰਾ ਦੀ ਬੰਦ ਪਈ ਖੰਡ ਮਿੱਲ ਦੁਬਾਰਾ ਸ਼ੁਰੂ ਕਰਨਾ

***674. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੀਰਾ ਹਲਕੇ ਵਿੱਚ ਬੰਦ ਪਈ ਖੰਡ ਮਿੱਲ ਦੁਬਾਰਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਹਲਕਾ ਜੀਰਾ ਵਿਖੇ ਮਿਲਕ ਪਲਾਂਟ ਲਗਾਉਣਾ

***675. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜੀਰਾ ਵਿਖੇ ਕੋਈ ਵੀ ਮਿਲਕ ਪਲਾਂਟ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਹਲਕਾ ਜੀਰਾ ਵਿਖੇ ਇੱਕ ਮਿਲਕ ਪਲਾਂਟ ਲਗਾਉਣ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

———

## ਹਲਕਾ ਜੀਰਾ ਦੇ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ

***676. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਜੀਰਾ ਵਿੱਚ ਕੁੱਲ ਕਿੰਨੇ ਪਸ਼ੂ ਹਸਪਤਾਲ ਅਤੇ ਡਿਸਪੈਂਸਰੀਆਂ ਹਨ ਅਤੇ ਇਨ੍ਹਾਂ ਵਿੱਚ ਕਿੰਨੀਆਂ ਅਸਾਮੀਆਂ ਵੱਖ–ਵੱਖ ਵਰਗਾਂ ਦੀਆਂ (ਡਾਕਟਰਾਂ ਸਮੇਤ) ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ;

ਅ) ਕੀ ਇਹ ਠੀਕ ਹੈ ਕਿ ਇਨ੍ਹਾਂ ਉਪਰੋਕਤ ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਵਿੱਚ ਦਵਾਈਆਂ ਨਾ–ਮਾਤਰ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਹਨਾਂ ਹਸਪਤਾਲਾਂ ਅਤੇ ਡਿਸਪੈਂਸਰੀਆਂ ਲਈ ਦਵਾਈਆਂ ਦਾ ਪ੍ਰਬੰਧ ਕਰਨ ਦਾ ਕੋਈ ਵਿਚਾਰ ਰੱਖਦੀ ਹੈ?

———

## ਪਿੰਡਾਂ ਦੇ ਖੇਡ ਮੈਦਾਨਾਂ ਦੀ ਚਾਰ ਦੀਵਾਰੀ ਲਈ ਫੰਡ ਜਾਰੀ ਕਰਨੇ

***677. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣ ਸਬੰਧੀ ਜੋ ਪੰਚਾਇਤਾਂ ਵੱਲੋ ਮਤੇ ਪਾ ਕੇ ਦਿੱਤੇ ਗਏ ਹਨ, ਉਹਨਾਂ ਪੰਚਾਇਤਾਂ ਲਈ ਮੈਦਾਨ ਦੀ ਚਾਰਦੀਵਾਰੀ ਆਦਿ ਲਈ ਫੰਡ ਕਦੋਂ ਤੱਕ ਜਾਰੀ ਕੀਤੇ ਜਾਣਗੇ; ਵੇਰਵੇ ਸਹਿੱਤ ਦੱਸਿਆ ਜਾਵੇ?

———

## ਕਸਬਾ ਮੱਲਾਂਵਾਲਾ ਅਤੇ ਮੱਖੂ ਵਿਖੇ ਆਈ.ਟੀ.ਆਈ. ਬਣਾਉਣਾ

***678. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਹਲਕੇ ਦੇ ਕਸਬਾ ਮੱਲਾਂਵਾਲਾ ਅਤੇ ਮੱਖੂ ਵਿੱਚ ਕੋਈ ਵੀ ਆਈ.ਟੀ.ਆਈ ਨਹੀ ਹੈ; ਜੇਕਰ ਹਾਂ ਤਾਂ ਕੀ ਸਰਕਾਰ ਇਹਨਾਂ ਕਸਬਿਆਂ ਵਿੱਚ ਕੋਈ ਆਈ.ਟੀ.ਆਈ. ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋ ਤੱਕ?

———

## ਪ੍ਰਾਇਮਰੀ ਹੈਲਥ ਸੈਂਟਰਾਂ ਦੇ ਸਟਾਫ ਦੇ ਵੇਰਵੇ

***679. (ਸੀ.ਯੂ.) ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਵਿੱਚ ਕੁੱਲ ਕਿੰਨੇ ਪ੍ਰਾਇਮਰੀ ਹੈਲਥ ਸੈਂਟਰ ਹਨ ਅਤੇ ਇਨ੍ਹਾਂ ਸੈਂਟਰਾਂ ਵਿੱਚ ਕੁਲ ਕਿੰਨਾ ਸਟਾਫ ਹੈ; ਜੇਕਰ ਸਟਾਫ ਘੱਟ ਹੈ ਤਾਂ ਉਸ ਦਾ ਵੇਰਵਾ ਦਿੱਤਾ ਜਾਵੇ ਅਤੇ ਉਸ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

———

## ਨਗਰ ਨਿਗਮ ਅਤੇ ਸੁਧਾਰ ਟਰੱਸਟ ਦੇ ਅਧੀਨ ਪ੍ਰਾਪਰਟੀਆਂ ਵਿੱਚ ਰਹਿੰਦੇ ਲੋਕਾਂ ਨੂੰ ਮਾਲਕਾਨਾ ਹੱਕ ਦੇਣਾ

***680. (ਸੀ.ਯੂ.) ਸ਼੍ਰੀ ਗੁਰਪ੍ਰੀਤ ਬੱਸੀ ਗੋਗੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਨਿਗਮ ਅਤੇ ਸੁਧਾਰ ਟਰੱਸਟ ਦੇ ਅਧੀਨ ਪ੍ਰਾਪਰਟੀਆਂ ਵਿੱਚ ਪਿੱਛਲੇ 30 ਸਾਲਾਂ ਤੋਂ ਜਿਹੜੇ ਲੋਕ ਰਹਿ ਰਹੇ ਹਨ, ਉਹ ਪਾਵਰ ਆਫ ਅਟਾਰਨੀ ਜਾਂ ਨਾਜਾਇਜ ਕਬਜੇ ਅਧੀਨ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਦੀ ਕੋਈ ਅਜਿਹੀ ਨੀਤੀ ਹੈ ਕਿ ਵਨ ਟਾਈਮ ਸੈਟਲਮੈਂਟ ਕਰਕੇ ਲੋਕਾਂ ਨੂੰ ਇਹਨਾਂ ਪ੍ਰਾਪਰਟੀਆਂ ਦਾ ਮਾਲਕਾਨਾ ਹੱਕ ਦਿੱਤਾ ਜਾ ਸਕੇ?

———

## ਜਲੰਧਰ ਵਿਖੇ ਲਾਏ ਜਾ ਰਹੇ ਬਾਇਓ ਮਾਈਨਿੰਗ ਪ੍ਰੋਜੈਕਟ ਦੀ ਮੌਜੂਦਾ ਸਥਿਤੀ

***681. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਜਲੰਧਰ ਵਿੱਚ ਵਰਿਆਣਾ ਡੰਪ ਸਾਇਟ ਵਿਖੇ ਜ਼ਮੀਨ ਨੂੰ ਸਾਫ਼/ਵਰਤਣਯੋਗ ਬਣਾਉਣ ਲਈ ਇਕ ਬਾਇਓ ਮਾਈਨਿੰਗ ਪ੍ਰੋਜੈਕਟ ਲਗਾਉਣ ਦਾ ਜਲੰਧਰ ਮਿਊਂਸਪਲ ਕਾਰਪੋਰੇਸ਼ਨ/ਸਮਾਰਟ ਸਿਟੀ ਪ੍ਰੋਜੈਕਟ, ਜਲੰਧਰ ਵੱਲੋਂ ਟੈਂਡਰ ਕਢਿਆ ਗਿਆ ਸੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ

1. ਕੰਪਨੀ ਦਾ ਨਾਮ ਜਿਸਨੂੰ ਪ੍ਰੋਜੈਕਟ ਅਲਾਟ ਕੀਤਾ ਹੈ;
2. ਕੁੱਲ ਕਿੰਨੀ ਰਾਸ਼ੀ ਦਾ ਟੈਂਡਰ ਅਲਾਟ ਕੀਤਾ ਸੀ;
3. ਅਲਾਟੀ ਨੂੰ ਭੁਗਤਾਨ ਕਰਨ ਦੀ ਰੂਪ ਰੇਖਾ ਕੀ ਹੈ;
4. ਅਲਾਟਮੈਂਟ ਦੀ ਮਿਤੀ ਅਤੇ ਟੈਂਡਰ ਦੀ ਅਵੱਧੀ ਕੀ ਹੈ; ਅਤੇ
5. ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

———

## ਜਲੰਧਰ ਦੇ ਕ੍ਰਿਕੇਟ ਸਟੇਡੀਅਮ ਦੇ ਨਾਲ ਬਣ ਰਹੇ ਇੱਕ ਹੋਰ ਇਨਡੋਰ ਅਤੇ ਆਊਟਡੋਰ ਸਟੇਡੀਅਮ ਦੀ ਮੌਜੂਦਾ ਸਥਿਤੀ

***682. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ Burlton Park, ਜਲੰਧਰ ਦੇ ਨਾਮ ਤੇ ਇਕ ਪ੍ਰਸਿੱਧ ਕ੍ਰਿਕਟ ਸਟੇਡੀਅਮ ਦੇ ਨਾਲ ਇਸ ਖੇਤਰ ਵਿੱਚ ਇੱਕ ਹੋਰ ਇਨਡੋਰ ਅਤੇ ਆਊਟਡੋਰ ਸਟੇਡੀਅਮ ਦਾ ਕੰਮ ਪ੍ਰਗਤੀ ਅਧੀਨ/ਉਸਾਰੀ/ਮੁੜਵਿਕਸਤ ਕਰਨ ਲਈ ਟੈਂਡਰ ਕਢਿਆ ਹੋਇਆ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ, ਇਸ ਦਾ ਉਦਘਾਟਨ ਕਦੋਂ ਕੀਤਾ ਗਿਆ ਸੀ, ਇਸ ਨੂੰ ਪੂਰਾ ਕਰਨ ਦੀ ਸਮਾਂ ਸੀਮਾ ਕੀ ਸੀ ਅਤੇ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

———

## ਫਿਰੋਜ਼ਪੁਰ ਦੇ ਫਿਰੋਜ਼ਸ਼ਾਹ ਵਿਖੇ ਯਾਦਗਾਰ ਸਥਾਪਿਤ ਕਰਨ ਅਤੇ ਇਸਦੀ ਸਾਂਭ-ਸੰਭਾਲ ਤੇ ਹੋਏ ਖਰਚੇ ਦੇ ਵੇਰਵੇ

***684. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਿੱਖਾਂ ਅਤੇ ਅੰਗ੍ਰੇਜਾਂ ਵਿਚਕਾਰ ਹੋਏ ਐਂਗਲੋ-ਸਿੱਖ ਯੁੱਧ ਦੀ ਯਾਦ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਫਿਰੋਜ਼ਸ਼ਾਹ ਵਿਖੇ ਇਕ ਯਾਦਗਾਰ ਸਥਾਪਿਤ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਸਾਲ 2022-23 ਵਿੱਚ ਇਸਦੀ ਸਾਂਭ-ਸਭਾਲ ਲਈ, ਤਰੱਕੀ ਲਈ ਅਤੇ ਆਮ ਲੋਕਾਂ ਦੀ ਜਾਣਕਾਰੀ ਉੱਤੇ ਕਿੰਨਾ ਖਰਚ ਕੀਤਾ ਗਿਆ ਹੈ;

ਅ) ਵਿਭਾਗ ਵੱਲੋਂ ਉਪਰੋਕਤ ਸਮੇਂ ਦੌਰਾਨ ਇਸ ਯਾਦਗਾਰ ਨੂੰ ਉਤਸ਼ਾਹਿਤ ਕਰਨ, ਖੋਜ ਕਰਨ ਅਤੇ ਸੈਲਾਨੀਆਂ ਦੀ ਗਿਣਤੀ ਵਧਾਉਣ ਲਈ ਕੀ ਕਦਮ ਚੁੱਕੇ ਗਏ ਹਨ;

ੲ) ਕੀ ਐਂਗਲੋ-ਸਿੱਖ ਪੁਰਸ਼ਾਂ ਦੀ ਯਾਦ ਵਿਚ ਕੋਈ ਹੋਰ ਯਾਦਗਾਰਾਂ ਸਥਾਪਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਗ੍ਰੀਨ ਬੈਲਟ ਦੇ ਉਦੇਸ਼ ਲਈ ਫੋਕਲ ਪੁਆਇੰਟ ਤੋਂ ਬਾਹਰ ਅਲਾਟ ਕੀਤੀ ਜਮੀਨ

***685. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਬੇਅੰਤ ਸਿੰਘ ਪਾਰਕ ਦੇ ਨਾਂ ਅਧੀਨ ਗ੍ਰੀਨ ਬੈਲਟ ਦੇ ਉਦੇਸ਼ ਲਈ ਜਲੰਧਰ ਦੇ ਫੋਕਲ ਪੁਆਇੰਟ ਤੋਂ ਬਾਹਰ ਕੁਲ ਕਿੰਨੀ ਜ਼ਮੀਨ ਅਲਾਟ ਕੀਤੀ ਗਈ;

ਅ) ਸਮਾਰਟ ਸਿਟੀ ਪ੍ਰੋਜੈਕਟ ਰਾਹੀਂ ਸਰਫੇਸ ਵਾਟਰ ਪ੍ਰੋਜੈਕਟ ਅਧੀਨ ਪਾਣੀ ਮੁੱਹਈਆ ਕਰਵਾਉਣ ਲਈ ਪਾਣੀ ਦੀਆਂ ਟੈਂਕੀਆਂ ਬਣਾਉਣ ਦੇ ਉਦੇਸ਼ ਨਾਲ ਸਥਾਨਕ ਸਰਕਾਰ ਵਿਭਾਗ ਨੂੰ ਕਿੰਨੀ ਜ਼ਮੀਨ ਅਲਾਟ ਕੀਤੀ;

ੲ) ਕੀ ਸਟ੍ਰੀਟ ਵੈਂਡਿੰਗ ਦੇ ਉਦੇਸ਼ ਲਈ ਸਥਾਨਕ ਸਰਕਾਰ ਵਿਭਾਗ ਨੂੰ ਕੋਈ ਜ਼ਮੀਨ ਅਲਾਟ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕਿਸ ਦੇ ਹੁਕਮ ਅਤੇ ਕਿਹੜੇ ਨਿਯਮਾਂ ਅਧੀਨ; ਵੇਰਵੇ ਸਹਿਤ ਦੱਸਿਆ ਜਾਵੇ?

———

## ਅਗਸਤ 2022 ਤੋਂ ਨਵੰਬਰ 2022 ਦੋਰਾਨ ਅਪਲਾਈ ਕੀਤੇ ਡਰਾਈਵਿੰਗ ਲਾਇਸੈਂਸਾਂ ਦੇ ਵੇਰਵੇ

***688. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਰਾਜ ਵਿੱਚ ਅਗਸਤ, ਸਤੰਬਰ, ਅਕਤੂਬਰ ਅਤੇ ਨਵੰਬਰ 2022 ਵਿੱਚ ਜ਼ਿਲ੍ਹਾ–ਵਾਰ ਅਪਲਾਈ ਕੀਤੇ ਗਏ ਅਤੇ ਜਾਰੀ ਕੀਤੇ ਗਏ ਡਰਾਈਵਿੰਗ ਲਾਇਸੈਂਸਾਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਉਪਰੋਕਤ ਸਮੇਂ ਵਿਚ ਰੱਦ ਕੀਤੇ ਗਏ ਡਰਾਈਵਿੰਗ ਲਾਇਸੈਂਸਾਂ ਦੀ ਕੁੱਲ ਗਿਣਤੀ ਕਿੰਨੀ ਹੈ?

———

## ਪੁਲਿਸ ਦੇ ਅਧਿਕਾਰ ਖੇਤਰ ਅਧੀਨ ਆਉਂਦੀ ਸਿਹਤ ਵਿਭਾਗ ਦੀ ਇਮਾਰਤ ਦਾ ਮੁਆਇਨਾ ਕਰਵਾਉਣਾ

***689. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਜਲੰਧਰ ਦਿਹਾਤੀ ਪੁਲਿਸ ਦੇ ਅਧਿਕਾਰ–ਖੇਤਰ ਅਧੀਨ ਪੁਲਿਸ ਸਟੇਸ਼ਨ ਮਕਸੂਦਾਂ ਸਿਹਤ ਵਿਭਾਗ ਦੀ ਇਮਾਰਤ ਵਿੱਚ ਸਥਿਤ ਹੈ;

ਅ) ਕੀ ਉਕਤ ਇਮਾਰਤ ਦਾ ਲੋਕ ਨਿਰਮਾਣ ਵਿਭਾਗ ਜਾਂ ਕਿਸੇ ਹੋਰ ਸਬੰਧਤ ਵਿਭਾਗ ਦੁਆਰਾ ਮੁਆਇਨਾ ਕੀਤਾ ਗਿਆ ਹੈ ਅਤੇ ਇਸ ਨੂੰ ਅਸੁਰਖਿਅਤ ਅਤੇ ਨਾ ਰਹਿਣ ਯੋਗ ਘੋਸ਼ਿਤ ਕੀਤਾ ਗਿਆ ਹੈ;

ੲ) ਜੇਕਰ ਭਾਗ (ਅ) ਦਾ ਉੱਤਰ ਨਾ ਵਿੱਚ ਹੋਵੇ, ਤਾਂ ਇਸਦਾ ਮੁਆਇਨਾ ਅਤੇ ਤਸਦੀਕ ਕੀਤਾ ਜਾਣਾ ਕਦੋਂ ਤੱਕ ਤਜਵੀਜ਼ਤ ਹੈ?

———

## ਸਾਲ 2022–23 ਦੌਰਾਨ ਰਾਜ ਸਰਕਾਰ ਅਤੇ ਉਦਯੋਗ/ਨਿਵੇਸ਼ਕਾਂ ਦਰਮਿਆਨ ਕੀਤੇ ਸਮਝੋਤੇ ਦੇ ਇਕਰਾਰਨਾਮੇ

***690. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਨਿਵੇਸ਼ ਪ੍ਰੋਤਸਾਹਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸਾਲ 2022–23 ਵਿੱਚ ਅੰਤਰਾਸ਼ਟਰੀ ਨਿਵੇਸ਼ਕਾਂ, ਰਾਜ ਤੋਂ ਬਾਹਰ ਦੇ ਨਿਵੇਸ਼ਕਾਂ ਅਤੇ ਮੌਜੂਦਾ ਉਦਯੋਗ ਦੇ ਵਰਗ ਅਤੇ ਰਾਜ ਸਰਕਾਰ ਦਰਮਿਆਨ ਕੁੱਲ ਕਿੰਨੇਂ ਸਮਝੋਤੇ ਦੇ ਇਕਰਾਰਨਾਮੇਂ (ਐਮ.ਓ.ਯੂ) ਕੀਤੇ ਗਏ;

ਅ) ਉਪਰੋਕਤ ਕੀਤੇ ਗਏ ਸਮਝੋਤੇ ਦੇ ਇਕਰਾਰਨਾਮਿਆਂ ਦੇ ਸਮੇਂ ਤੋਂ ਰਾਜ ਵਿੱਚ ਕਿੰਨੀ ਰਕਮ ਨਿਵੇਸ਼ ਕੀਤੀ ਜਾਣੀ ਹੈ;

ੲ) ਉਦਯੋਗ ਨਾਲ ਕੀਤੇ ਗਏ ਉਪਰੋਕਤ ਸਮਝੋਤੇ ਦੇ ਇਕਰਾਰਨਾਮਿਆਂ ਦੀ ਮੌਜੂਦਾ ਸਥਿਤੀ ਕੀ ਹੈ?

———

## ਮਾਰਚ 2022 ਤੋਂ ਫਰਵਰੀ 2023 ਤੱਕ ਵੱਖ-ਵੱਖ ਟੋਲ ਪਲਾਜ਼ਿਆਂ ਦੇ ਵੇਰਵੇ

***691. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਮਾਰਚ 2022 ਤੋਂ ਫਰਵਰੀ 2023 ਤੱਕ ਕੌਮੀ ਅਤੇ ਰਾਸ਼ਟਰੀ ਮਾਰਗਾਂ ਤੇ ਵੱਖ-ਵੱਖ ਸਥਿਤ ਟੋਲ ਟੈਕਸ ਪਲਾਜ਼ਿਆਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਹਰ ਟੋਲ ਪਲਾਜ਼ੇ ਦੇ ਨਿਮਨ ਅਨੁਸਾਰ ਵੇਰਵੇ ਕੀ-ਕੀ ਹਨ-

1) ਉਕਤ ਪਲਾਜ਼ੇ ਦੇ ਆਰੰਭ ਹੋਣ ਦੀ ਮਿਤੀ;

2) ਉਕਤ ਪਲਾਜ਼ੇ ਦੀ ਮਿਆਦ ਖਤਮ ਹੋ ਜਾਣ ਦੀ ਮਿਤੀ; ਅਤੇ

3) ਉਕਤ ਪਲਾਜ਼ੇ ਦੇ ਹਰ ਸਾਲ ਵਧਾਈ ਗਈ ਫੀਸ ਦੀ ਦਰ;

ੲ) ਆਮ ਜਨਤਾ ਨੂੰ ਟੋਲ ਪਲਾਜ਼ਾ ਮੈਨੇਜਮੈਂਟ ਦੁਆਰਾ ਕੀ ਸਹੂਲਤਾਂ ਮੁੱਹਈਆ ਕਰਵਾਈਆਂ ਗਈਆਂ?

———

**ਲੰਬਾ ਪਿੰਡ ਤੋਂ ਜੰਡੂ ਸਿੰਘਾਂ ਤੱਕ ਸੜਕ ਦੀ ਮੁਰੰਮਤ ਕਰਵਾਉਣਾ**

***692. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਖੇ ਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਲੰਬਾ ਪਿੰਡ ਤੋਂ ਜੰਡੂ ਸਿੰਘਾਂ ਤੱਕ ਸੜਕ ਦੀ ਮੁਰੰਮਤ ਕਦੋਂ ਅਤੇ ਕਿੰਨੇ ਕਿਲੋਮੀਟਰ ਕੀਤੀ ਗਈ ਸੀ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸੜਕ ਦੀ ਮੁਰੰਮਤ ਦਾ ਕੰਮ ਕਦੋਂ ਤੋਂ ਲੰਬਿਤ ਪਿਆ ਹੈ ਅਤੇ ਹੁਣ ਇਸ ਦੀ ਮੁਰੰਮਤ ਕਦੋਂ ਤੱਕ ਦੁਬਾਰਾ ਕੀਤੇ ਜਾਣ ਦੀ ਤਜਵੀਜ਼ ਹੈ?

———

**ਰਾਜ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਲਈ ਸਰਵੇ ਕਰਵਾਉਣਾ**

***693. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਰਾਜ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਦਾ ਪਤਾ ਲਗਾਉਣ ਲਈ ਕੋਈ ਅਧਿਐਨ/ਸਰਵੇ ਕਰਵਾਇਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ;

ਅ) ਮਾਰਚ 2022 ਤੋਂ ਜਨਵਰੀ 2023 ਦੇ ਸਮੇਂ ਦੌਰਾਨ ਰਾਜ ਵਿੱਚ ਕੁੱਲ ਕਿੰਨਾ cow cess ਇੱਕਠਾ ਕੀਤਾ ਗਿਆ ਅਤੇ ਇਸ ਦੀ ਵਰਤੋਂ ਦੇ ਵੇਰਵੇ ਕੀ ਹਨ?

———

## ਪਿੰਡ ਦੋਧਰ ਸਰਕੀ ਵਿਖੇ ਟੰਕੀ ਦੇ ਪੁਰਾਣੇ ਪਾਈਪ ਬਦਲਾਉਣਾ

***696. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਦੌਧਰ ਸਰਕੀ ਵਿਖੇ ਲੱਗੇ ਬਹੁਕਰੋੜੀ ਪ੍ਰੋਜੈਕਟ ਦੁਆਰਾ ਸਾਫ ਪਾਣੀ ਪਿੰਡਾਂ ਵਿੱਚ ਪਹੁੰਚਦਾ ਹੈ;

ਅ) ਕੀ ਇਹ ਠੀਕ ਹੈ ਕਿ ਪਿੰਡ ਦੀ ਟੈਂਕੀ ਤੋਂ ਜੋ ਪਾਈਪ ਪਏ ਹਨ ਇਹ 10 ਸਾਲਾਂ ਪੁਰਾਣੇ ਹਨ, ਜਿਨ੍ਹਾਂ ਵਿੱਚ ਗੰਦਾ ਪਾਣੀ ਮਿਲ ਕੇ ਘਰਾਂ ਵਿੱਚ ਪਹੁੰਚਦਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਪਾਈਪ ਕਦੋਂ ਤੱਕ ਬਦਲੇ ਜਾਣਗੇ?

———

## ਹਲਕਾ ਨਿਹਾਲ ਸਿੰਘ ਵਾਲਾ ਦੀਆਂ ਸੜ੍ਹਕਾਂ ਦੀ ਮੁਰੰਮਤ ਕਰਵਾਉਣਾ

***697. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੀਆਂ ਸੜ੍ਹਕਾਂ ਕੁੱਸੇ ਤੋਂ ਬਿਲਾਸਪੁਰ, ਕੁੱਸਾ ਤੋਂ ਬੋਡੇ, ਭਿਆਣਾ ਸਾਹਿਬ, ਰਾਉਕੇ ਕਲਾਂ, ਬੱਧਨੀ ਤੋਂ ਰਾਉਕੇ ਕਲਾਂ, ਲੋਪੋ ਤੋਂ ਦੌਧਰ, ਬਿਲਾਸਪੁਰ ਤੋਂ ਭਾਗੀਕੇ ਅਤੇ ਹੋਰ ਸੜ੍ਹਕਾਂ ਦੀ ਬਹੁਤ ਬੁਰੀ ਹਾਲਤ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਕਦੋਂ ਤੱਕ ਠੀਕ ਕਰਵਾ ਦਿੱਤਾ ਜਾਵੇਗਾ?

———

## ਕਸਬਾ ਬਧਨੀ ਕਲਾਂ ਵਿਖੇ ਸਰਕਾਰੀ ਕਾਲਜ ਖੋਲ੍ਹਣਾ

***698. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਸਬਾ ਬੰਧਨੀ ਕਲਾਂ ਨਾਲ ਕਾਫੀ ਪਿੰਡ ਲੱਗਦੇ ਹਨ; ਪਰ ਇੱਥੇ ਕੋਈ ਵੀ ਸਰਕਾਰੀ ਕਾਲਜ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਮਾਰਕੀਟ ਕਮੇਟੀ ਨਿਹਾਲ ਸਿੰਘ ਅਤੇ ਅਜੀਤਵਾਲ ਮੰਡੀਆਂ ਵਿੱਚ ਮੂੰਗੀ ਦੀ ਖਰੀਦ ਕਰਨਾ

***700. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਕੀਟ ਕਮੇਟੀ ਨਿਹਾਲ ਸਿੰਘ ਅਤੇ ਅਜੀਤਵਾਲ ਮੰਡੀਆਂ ਵਿੱਚ ਮੂੰਗੀ ਦੀ ਖਰੀਦ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ?

———

## ਕਸਬਾ ਨਿਹਾਲ ਸਿੰਘ ਵਾਲਾ ਦੀ ਮੁੱਖ ਅਨਾਜ ਮੰਡੀ ਵਿੱਚ ਪੱਕੇ ਫੜ, ਸੜਕਾਂ ਅਤੇ ਬਿਜਲੀ ਦੇ ਖੰਭਿਆਂ ਦਾ ਉਚਿਤ ਪ੍ਰਬੰਧ ਕਰਨਾ

***701. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਸਬਾ ਨਿਹਾਲ ਸਿੰਘ ਵਾਲਾ ਵਿਖੇ ਮੁੱਖ ਅਨਾਜ ਮੰਡੀ ਵਿੱਚ ਪੱਕੇ ਫੜ, ਸੜਕਾਂ ਅਤੇ ਬਿਜਲੀ ਦੀ ਸਪਲਾਈ ਦਾ ਉਚਿਤ ਪ੍ਰਬੰਧ ਕਰਨ ਦੀ ਕੋਈ ਤਜਵੀਜ ਹੈ?

———

**ਦੀਨਾ ਸਾਹਿਬ ਤੋਂ ਚੱਲਣ ਵਾਲੀ ਬੱਸ ਦੇ ਬੰਦ ਹੋਏ ਰੂਟ ਸ਼ੁਰੂ ਕਰਨਾ**

***702. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੀਨਾ ਸਾਹਿਬ ਤੋਂ ਚੱਲਣ ਵਾਲੀ ਬੱਸ ਸਮੇਤ ਹਲਕਾ ਨਿਹਾਲ ਸਿੰਘ ਵਾਲਾ ਦੇ ਬੱਸਾਂ ਦੇ ਬੰਦ ਹੋਏ ਰੂਟਾਂ ਤੇ ਬੱਸ ਸੇਵਾ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

**ਹਲਕਾ ਨਿਹਾਲ ਸਿੰਘ ਵਾਲਾ ਦੇ ਨੈਸ਼ਨਲ ਹਾਈਵੇ ਤੇ ਮੌਜੂਦਾ ਪਿੰਡਾਂ ਦੇ ਬੱਸ ਸਟੈਂਡਾਂ ਤੇ ਬੱਸਾਂ ਰੁਕਵਾਉਣ ਦਾ ਪ੍ਰਬੰਧ ਕਰਨਾ**

***703. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਟਰਾਂਸੋਪਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਬੀੜ ਬੱਧਨੀ, ਕਿਲੀ ਚਾਹਲ, ਬੱਧਨੀ ਖੁਰਦ, ਧੂੜਕੋਟ ਕਲਾਂ ਆਦਿ ਪਿੰਡ ਨੈਸ਼ਨਲ ਹਾਈਵੇ ਤੇ ਹਨ ਪਰ ਇੱਥੇ ਬੱਸਾਂ ਨਹੀਂ ਰੁਕਦੀਆਂ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਭਵਿੱਖ ਵਿੱਚ ਇਨ੍ਹਾਂ ਬੱਸ ਸਟੈਂਡਾਂ ਤੇ ਬੱਸਾਂ ਰੁਕਵਾਉਣ ਦਾ ਪ੍ਰਬੰਧ ਕਰੇਗੀ?

———

**ਨਿਹਾਲ ਸਿੰਘ ਵਾਲਾ ਦੇ ਪਿੰਡਾਂ ਵਿੱਚ ਘਰਾਂ ਉੱਪਰੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਹਟਾਉਣਾ**

***704. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡਾਂ ਵਿੱਚ ਲੋਕਾਂ ਦੇ ਘਰਾਂ ਉੱਪਰ ਦੀ ਲੰਘਦੀਆਂ ਤਾਰਾਂ ਨੂੰ ਹਟਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਨਿਹਾਲ ਸਿੰਘ ਵਾਲਾ ਵਿੱਚੋਂ ਜਾਂਦੇ ਗੁਰੂ ਗੋਬਿੰਦ ਸਿੰਘ ਮਾਰਗ ਦੀ ਮੁਰੰਮਤ ਕਰਵਾਉਣਾ

***705. (ਸੀ.ਯੂ.) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਵਿੱਚੋਂ ਲੰਘਦੇ ਗੁਰੂ ਗੋਬਿੰਦ ਸਿੰਘ ਮਾਰਗ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਹੈ?

———

## ਕਸਬਾ ਬਧਨੀ ਕਲਾਂ ਮੇਨ ਹਾਈਵੇ ਤੇ ਬੱਸ ਸਟੈਂਡ ਦੀ ਸਹੂਲਤ ਦੇਣਾ

***706. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦਾ ਕਸਬਾ ਬੱਧਨੀ ਕਲਾਂ ਜੋ ਮੇਨ ਹਾਈਵੇ ਤੇ ਸਥਿਤ ਹੈ, ਇੱਥੇ ਬੱਸ ਸਟੈਂਡ ਦੀ ਕੋਈ ਸਹੂਲਤ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

———

## ਪਿੰਡ ਗਾਜੀਆਣਾ ਵਿਖੇ ਬੱਸ ਸਰਵਿਸ ਸ਼ੁਰੂ ਕਰਨਾ

***708. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:–** ਕੀ ਟਰਾਂਸੋਪਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਗਾਜੀਆਣਾ ਵਿੱਚ ਕੋਈ ਬੱਸ ਸਰਵਿਸ ਨਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਥੇ ਬੱਸ ਸੇਵਾ ਕਦੋਂ ਤੱਕ ਸ਼ੁਰੂ ਹੋ ਜਾਵੇਗੀ?

———

## ਪਿੰਡਾਂ ਵਿੱਚ ਆਉਂਦੀ ਸੀਵਰੇਜ਼ ਦੀ ਸਮੱਸਿਆ ਲਈ ਥਾਪਰ ਮਾਡਲ ਬਣਾਉਣਾ

***714. (ਸੀ.ਯੂ.) ਡਾ. ਵਿਜੈ ਸਿੰਗਲਾ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡਾਂ ਵਿੱਚ ਵੱਧ ਰਹੀ ਅਬਾਦੀ ਅਤੇ ਟੋਭਿਆਂ ਦੀ ਕਪੈਸਟੀ ਘੱਟਣ ਕਰਕੇ ਅਤੇ ਪਾਣੀ ਦੀ ਵਰਤੋਂ ਵੱਧ ਹੋਣ ਕਾਰਨ ਸੀਵਰੇਜ ਦੀ ਸਮੱਸਿਆ ਆ ਰਹੀ ਹੈ; ਜਿਸ ਨਾਲ ਸੀਵਰੇਜ ਦਾ ਪਾਣੀ ਅਕਸਰ ਗਲੀਆਂ-ਨਾਲੀਆਂ ਵਿੱਚ ਓਵਰ ਫਲੋ ਹੁੰਦਾ ਰਹਿੰਦਾ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਪਿੰਡਾਂ ਵਿੱਚ ਥਾਪਰ ਮਾਡਲ ਬਣਾਉਣ ਅਤੇ ਪੁਰਾਣੇ ਰਜਵਾਹੇ ਜੋ ਬੰਦ ਪਏ ਹਨ, ਉਹਨਾਂ ਨੂੰ ਮੁੜ ਸੁਰਜੀਤ ਕਰਨ ਸਬੰਧੀ ਸਰਕਾਰ ਕੋਈ ਉਪਰਾਲਾ ਕਰ ਰਹੀ ਹੈ; ਵੇਰਵੇ ਸਹਿਤ ਦਸਿਆ ਜਾਵੇ?

———

## ਸ਼ਹਿਰਾਂ ਅਤੇ ਪਿੰਡਾਂ ਦੇ ਬੰਦ ਪਏ R.O. ਪਲਾਂਟ ਦੁਬਾਰਾ ਸ਼ੁਰੂ ਕਰਨਾ

***716. (ਸੀ.ਯੂ.) ਡਾ. ਵਿਜੈ ਸਿੰਗਲਾ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਹਿਰਾਂ ਅਤੇ ਪਿੰਡਾਂ ਦੇ ਬੰਦ ਪਏ RO ਪਲਾਟਾਂ ਨੂੰ ਦੁਬਾਰਾ ਠੀਕ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਸੁਲਤਾਨਪੁਰ ਲੋਧੀ ਅਤੇ ਕਪੂਰਥਲਾ ਦੇ ਕਿਸਾਨਾਂ ਦੀਆਂ NHAI ਦੇ ਨਿਰਮਾਣ ਲਈ ਐਕਵਾਇਰ ਕੀਤੀਆਂ ਜਮੀਨਾਂ ਦੇ ਭੁਗਤਾਨ ਲਈ ਪੈਂਡਿੰਗ ਅਪੀਲਾਂ

***717. (ਸੀ.ਯੂ.) 1. ਰਾਣਾ ਇੰਦਰ ਪ੍ਰਤਾਪ ਸਿੰਘ ਐਮ.ਐਲ.ਏ.)**

**2. ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.):-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੁਲਤਾਨਪੁਰ ਲੋਧੀ ਵਿਧਾਨ ਸਭਾ ਹਲਕੇ ਅਤੇ ਕਪੂਰਥਲਾ ਨਾਲ ਸਬੰਧਤ ਕਿਸਾਨਾਂ ਦੀਆਂ ਵੱਡੀ ਗਿਣਤੀ ਵਿੱਚ ਮੁਆਵਜਾ ਘੱਟ ਮਿਲਣ ਦੀਆਂ ਅਪੀਲਾਂ ਆਰਬੀਟਰੇਟਰ-ਕਮ- ਕਮਿਸ਼ਨਰ, ਜਲੰਧਰ ਡਿਵੀਜ਼ਨ ਕੋਲ ਪੈਂਡਿੰਗ ਪਈਆਂ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਅਜਿਹੀਆਂ ਅਪੀਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਕਦੋਂ ਤੋਂ ਪੈਂਡਿੰਗ ਪਈਆਂ ਹਨ ਅਤੇ ਇਸ ਦੇ ਕਾਰਨ ਕੀ ਹਨ;

ੲ) ਇਹਨਾਂ ਉਕਤ ਅਪੀਲਾਂ ਦਾ ਫੈਸਲਾ ਕਦੋਂ ਤੱਕ ਕਰ ਦਿੱਤਾ ਜਾਵੇਗਾ?

———

## ਆਦਮਪੁਰ ਵਿਖੇ ਬਾਬਾ ਮੋਤੀ ਰਾਮ ਮੈਹਰਾ ਬੱਸ ਸਟੈਂਡ ਦੇ ਵਿਸਥਾਰ ਦੇ ਵੇਰਵੇ

***719. (ਸੀ.ਯੂ.) ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਦਮਪੁਰ ਵਿਖੇ ਬਾਬਾ ਮੋਤੀ ਰਾਮ ਮੈਹਰਾ ਬੱਸ ਸਟੈਂਡ ਦੇ ਵਿਸਥਾਰ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਜੇਕਰ ਅਜਿਹਾ ਹੋਵੇ ਤਾਂ ਇਸ ਤੇ ਕੰਮ ਕਦੋਂ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਇਸ ਨੂੰ ਮੁਕੰਮਲ ਕਰਨ ਲਈ ਕਿੰਨਾ ਅਨੁਮਾਨਤ ਸਮਾਂ ਲੱਗ ਸਕਦਾ ਹੈ ਅਤੇ ਇਸ ਪ੍ਰੋਜੈਕਟ ਤੇ ਕਿੰਨਾ ਖਰਚਾ ਹੋਣ ਦੀ ਸੰਭਾਵਨਾ ਹੈ?

———

## ਆਦਮਪੁਰ ਵਿਖੇ ਸੀਵਰੇਜ਼ ਪਾਉਣ ਦੇ ਕੰਮਾਂ ਦੇ ਵੇਰਵੇ

***720. (ਸੀ.ਯੂ.) ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਆਦਮਪੁਰ ਵਿਖੇ ਸੀਵਰੇਜ ਪਾਉਣ ਦਾ ਕੰਮ ਲੰਬੇ ਸਮੇਂ ਤੋਂ ਰੁਕਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਕੰਮ ਕਦੋਂ ਤੱਕ ਮੁੜ ਅਰੰਭ ਹੋਣ ਅਤੇ ਮੁਕੰਮਲ ਹੋਣ ਦੀ ਸੰਭਾਵਨਾ ਹੈ;

ਅ) ਇਸ ਪ੍ਰੋਜੈਕਟ ਲਈ ਕੁੱਲ ਕਿੰਨੇ ਫੰਡ ਮਨਜ਼ੂਰ ਕੀਤੇ ਗਏ ਅਤੇ ਇਸ ਤੇ ਹੁਣ ਤੱਕ ਖਰਚ ਕੀਤੀ ਗਈ ਰਾਸ਼ੀ ਅਤੇ ਅਣਖਰਚੀ ਰਾਸ਼ੀ ਕਿੰਨੀ ਹੈ?

_______

## ਆਦਮਪੁਰ ਸ਼ਹਿਰ ਵਿਖੇ ਰੁਕੇ ਹੋਏ ਬ੍ਰਿਜ ਦੇ ਕੰਮਾਂ ਦੇ ਵੇਰਵੇ

***721. (ਸੀ.ਯੂ.) ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਆਦਮਪੁਰ ਸ਼ਹਿਰ ਵਿਖੇ ਓਵਰ ਬ੍ਰਿਜ ਦਾ ਕੰਮ ਲੰਬੇ ਸਮੇਂ ਤੋਂ ਰੁਕਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ ਅਤੇ ਇਹ ਕੰਮ ਕਦੋਂ ਤੱਕ ਮੁੜ ਆਰੰਭ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ;

ਅ) ਇਸ ਪ੍ਰੋਜੈਕਟ ਲਈ ਐਲੋਕੇਟ ਕੀਤੇ ਗਏ ਕੁੱਲ ਫੰਡ ਕਿੰਨੇ ਹਨ ਅਤੇ ਹੁਣ ਤੱਕ ਖਰਚੀ ਗਈ ਰਕਮ ਅਤੇ ਖਰਚ ਕੀਤੀ ਜਾਣ ਵਾਲੀ ਰਕਮ ਕਿੰਨੀ ਹੈ ਅਤੇ ਇਸ ਪ੍ਰੋਜੈਕਟ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

_______

## ਪਿੰਡ ਕੋਟਲੀ ਥਾਨ ਸਿੰਘ (ਆਦਮਪੁਰ) ਵਾਸੀਆਂ ਨੂੰ ਨਵੀਆਂ ਪਾਈਪ ਲਾਈਨਾਂ ਰਾਹੀਂ ਪਾਣੀ ਸਪਲਾਈ ਕਰਨਾ

***724. (ਸੀ.ਯੂ.) ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪਿੰਡ ਕੋਟਲੀ ਥਾਨ ਸਿੰਘ (ਆਦਮਪੁਰ) ਵਾਸੀਆਂ ਨੂੰ ਨਵੇਂ ਬਣੇ ਓਵਰ ਹੈੱਡ ਟੈਂਕ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਨਾ ਕਰਨ ਦੇ ਕੀ ਕਾਰਨ ਹਨ;

ਅ) ਇਸ ਪਿੰਡ ਵਿੱਚ ਨਵੀਂ ਪਾਈਪ ਲਾਈਨ ਨਾ ਪਾਉਣ ਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਦੀ ਪਾਈਪ ਲਾਈਨਾਂ ਨੂੰ ਨਵੀਆਂ ਪਾਈਪਾਂ ਨਾਲ ਬਦਲਣ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਪੂਰਾ ਪ੍ਰੋਜੈਕਟ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ ਅਤੇ ਇਸ ਪਿੰਡ ਦੇ ਪੁਰਾਣੇ ਕੁਨੈਕਸ਼ਨ ਹੋਲਡਰਾਂ ਨੂੰ ਨਵੀਆਂ ਪਾਈਪ ਲਾਈਨਾਂ ਰਾਹੀਂ ਕਦੋਂ ਤੱਕ ਪਾਣੀ ਸਪਲਾਈ ਕੀਤਾ ਜਾਵੇਗਾ?

———

## ਦਸੂਹਾ ਦੇ ਪਿੰਡ ਸੰਸਾਰਪੁਰ ਵਿੱਚ 66 KV ਬਿਜਲੀ ਘਰ ਬਣਾਉਣਾ

*727. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:– ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਦਸੂਹਾ ਦੇ ਪਿੰਡ ਸੰਸਾਰਪੁਰ ਦੇ ਵਿੱਚ ਇੱਕ 66 KV ਬਿਜਲੀ ਘਰ ਮਨਜੂਰ ਹੋਇਆ ਸੀ, ਪਰ ਇਸਦਾ ਕੰਮ ਅਜੇ ਤੱਕ ਵੀ ਸ਼ੁਰੂ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਇਸ ਬਿਜਲੀ ਘਰ ਨੂੰ ਬਣਾਉਣ ਦੀ ਸ਼ੁਰੂਆਤ ਕਦੋਂ ਤੱਕ ਕੀਤੀ ਜਾਵੇਗੀ?

———

## ਪਿੰਡ ਭੋਲ ਕਲੋਤਾ ਵਿਖੇ ਸਰਕਾਰੀ ਹਸਪਤਾਲ ਵਿੱਚ ਖਾਲੀ ਅਸਾਮੀਆਂ ਦੇ ਵੇਰਵੇ

***728. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਹਲਕਾ ਦਸੂਹਾ ਦੇ ਪਿੰਡ ਭੋਲ ਕਲੋਤਾ ਵਿਖੇ ਸਰਕਾਰੀ ਹਸਪਤਾਲ ਵਿੱਚ ਕੁੱਲ ਕਿੰਨੀਆਂ ਸਟਾਫ ਅਤੇ ਡਾਕਟਰਾਂ ਦੀਆਂ ਮਨਜੂਰਸ਼ੁਦਾ ਅਸਾਮੀਆਂ ਹਨ; ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਹਨ ਅਤੇ ਕੀ ਖਾਲੀ ਅਸਾਮੀਆਂ ਨੂੰ ਭਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ?

———

## ਦਸੂਹਾ ਦੇ ਪਿੰਡ ਬੱਡਲਾ ਦੇ ਮਿੰਨੀ P.H.C. ਵਿੱਚ ਸਟਾਫ ਦੀ ਘਾਟ ਪੂਰੀ ਕਰਨਾ

***729. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਦਸੂਹਾ ਦੇ ਪਿੰਡ ਬੱਡਲਾ ਵਿਖੇ ਮਿੰਨੀ ਪੀ.ਐਚ.ਸੀ ਵਿੱਚ ਸਟਾਫ ਦੀ ਬਹੁਤ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਕਦੋਂ ਤੱਕ ਇਹ ਘਾਟ ਪੂਰੀ ਕਰ ਦੇਵੇਗੀ;

ਅ) ਕੀ ਸਰਕਾਰ ਵੱਲੋਂ ਮਿੰਨੀ PHC ਵਿੱਚ ਐਂਬੂਲੈਂਸ ਦੀ ਸੁਵਿਧਾ ਦੇਣ ਦੀ ਕੋਈ ਤਜਵੀਜ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

**ਪਿੰਡ ਕਰੀਹਾ ਨੇੜੇ ਕਰਾਸਿੰਗ ਤੇ ਓਵਰ ਜਾਂ ਅੰਡਰ ਬ੍ਰਿਜ ਦੀ ਉਸਾਰੀ ਕਰਨਾ**

***740. (ਸੀ.ਯੂ.) ਡਾ. ਨਛੱਤਰ ਪਾਲ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵਾਂ ਸ਼ਹਿਰ ਬਾਈਪਾਸ ਤੇ ਪੈਂਦੇ ਪਿੰਡ ਕਰੀਹਾ ਦੇ ਨੇੜੇ ਰੇਵਲੇ ਕਰਾਸਿੰਗ ਤੇ ਓਵਰ ਜਾਂ ਅੰਡਰ ਬ੍ਰਿਜ ਨਾ ਹੋਣ ਕਾਰਨ ਇਸ ਰੇਲਵੇ ਕਰਾਸਿੰਗ ਤੇ ਓਵਰ ਜਾਂ ਅੰਡਰ ਬ੍ਰਿਜ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

———

**ਮਹਾਤਮਾ ਬੁੱਧ ਨਾਲ ਸਬੰਧਤ ਸਥਾਨਾਂ ਨੂੰ ਉੱਚ ਪੱਧਰ ਤੇ ਡਿਵੈਲਪ ਕਰਨਾ**

***741. (ਸੀ.ਯੂ.) ਡਾ. ਨਛੱਤਰ ਪਾਲ, ਐਮ.ਐਲ.ਏ.:–** ਕੀ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਟੂਰਿਜ਼ਮ ਨੂੰ ਪ੍ਰਫੁੱਲਤ ਕਰਨ ਅਤੇ ਰਾਜ ਦੀ ਅਜੋਕੀ ਪੀੜ੍ਹੀ ਨੂੰ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਬਾਰੇ ਜਾਣੂ ਕਰਵਾਉਣ ਲਈ ਸੂਬੇ ਵਿੱਚ ਮਹਾਤਮਾ ਬੁੱਧ ਨਾਲ ਸਬੰਧਤ ਸਥਾਨਾਂ ਨੂੰ ਉੱਚ ਪੱਧਰ ਤੇ ਡਿਵੈਲਪ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

———

## ਮਹਾਤਮਾ ਬੁੱਧ ਦੇ ਪਾਲੀ ਭਾਸ਼ਾ ਵਿੱਚ ਛਪੇ ਲਿਟਰੇਚਰ ਦਾ ਅਨੁਵਾਦ ਪੰਜਾਬੀ ਭਾਸ਼ਾ ਵਿੱਚ ਕਰਵਾਉਣਾ

***742. (ਸੀ.ਯੂ.) ਡਾ. ਨਛੱਤਰ ਪਾਲ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਅਤੇ ਭਾਸਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉੱਤਰੀ ਭਾਰਤ ਦੀ ਮੂਲ ਪੁਰਾਤਨ ਪਾਲੀ ਭਾਸ਼ਾ ਜੋ ਮਹਾਤਮਾ ਬੁੱਧ ਦੇ ਸਮੇਂ ਵਿੱਚ ਲਗਭਗ ਪੂਰੇ ਉੱਤਰੀ ਭਾਰਤ ਵਿੱਚ ਬੋਲੀ ਅਤੇ ਲਿਖੀ ਜਾਂਦੀ ਸੀ, ਜਿਸ ਕਾਰਨ ਮਹਾਤਮਾ ਬੁੱਧ ਦਾ ਬਹੁਤ ਸਾਰਾ ਲਿਟਰੇਚਰ ਪਾਲੀ ਭਾਸ਼ਾ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਬਾਰੇ ਅਜੋਕੀ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਮਹਾਤਮਾ ਬੁੱਧ ਦੇ ਪਾਲੀ ਭਾਸ਼ਾ ਵਿੱਚ ਛਪੇ ਲਿਟਰੇਚਰ ਦਾ ਅਨੁਵਾਦ ਪੰਜਾਬੀ ਭਾਸ਼ਾ ਵਿੱਚ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

———

## ਪਿੰਡ ਸਿਧਾਣਾ ਤੋਂ ਪੂਹਲਾ ਤੱਕ ਦੀ ਸਰਹਿੰਦ ਨਹਿਰ ਦੀ ਪਟੜੀ ਦੀ ਮੁਰੰਮਤ ਕਰਵਾਉਣਾ

***743. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਮਪੁਰਾ ਫੂਲ ਵਿਖੇ ਸਰਹਿੰਦ ਨਹਿਰ ਦੀ ਪਿੰਡ ਸਿਧਾਣਾ ਤੋਂ ਪੂਹਲਾ ਤੱਕ ਦੀ ਪਟੜੀ ਖਤਮ ਹੋ ਚੁੱਕੀ ਹੈ ਜੋ ਕਿ 25 ਫੁੱਟ ਦੀ ਸੀ, ਜਿਸ ਨਾਲ ਨਹਿਰਾਂ ਟੁੱਟ ਰਹੀਆਂ ਹਨ ਅਤੇ ਪਾਣੀ ਓਵਰ ਫਲੋ ਹੋ ਕੇ ਫਸਲਾਂ ਦਾ ਨੁਕਸਾਨ ਕਰਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਦਾ ਦੁਬਾਰਾ ਨਿਰਮਾਣ ਜਾਂ ਮੁਰੰਮਤ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਹਲਕਾ ਰਾਮਪੁਰਾ ਫੂਲ ਦੇ ਇੰਜੀਨੀਅਰਿੰਗ ਕਾਲਜ ਨੂੰ ਮੈਡੀਕਲ ਕਾਲਜਾਂ ਜਾਂ ਕਿਸੇ ਹੋਰ ਵਿਦਿਅਕ ਸੰਸਥਾ ਲਈ ਵਰਤਣਾ**

*744. **(ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਦੇ ਪਿੰਡ ਮਹਿਰਾਜ ਵਿਖੇ ਨਗਰ ਪੰਚਾਇਤ ਨੇ ਟੀ.ਪੀ.ਡੀ. ਕਾਲਜ ਨੂੰ ਲਗਭਗ 25 ਕਿੱਲੇ ਜਮੀਨ ਇੰਜੀਨੀਅਰਿੰਗ ਕਾਲਜ ਬਣਾਉਣ ਲਈ ਦਿੱਤੀ ਸੀ ਅਤੇ ਇੱਥੇ ਇੰਜੀਨੀਅਰਿੰਗ ਕਾਲਜ ਵੀ ਚਲਾਇਆ ਜਾ ਰਿਹਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਕਾਲਜ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਹੋਣ ਕਾਰਨ ਕਾਲਜ ਦੀ ਬਿਲਡਿੰਗ ਦਾ ਪੂਰਾ ਉਪਯੋਗ ਨਹੀਂ ਹੋ ਰਿਹਾ; ਜੇਕਰ ਅਜਿਹਾ ਹੈ ਤਾਂ ਕੀ ਵੱਡੀ ਲਾਗਤ ਨਾਲ ਬਣੀ ਇਸ ਇਮਾਰਤ ਨੂੰ ਮੈਡੀਕਲ ਕਾਲਜ ਜਾਂ ਕਿਸੇ ਹੋਰ ਵਿਦਿਅਕ ਸੰਸਥਾ ਲਈ ਵਰਤਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

———

**ਬਾਰਸ਼ਾਂ ਦੇ ਪਾਣੀ ਦੀ ਸਾਂਭ-ਸੰਭਾਲ ਕਰਨਾ**

*745. **(ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਭੂਮੀ ਅਤੇ ਜਲ ਸੰਭਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੂਬੇ ਵਿੱਚ ਬਾਰਿਸ਼ ਦੇ ਪਾਣੀ ਦੀ ਸਾਂਭ-ਸੰਭਾਲ ਲਈ ਸਰਕਾਰ ਵੱਲੋਂ ਕੋਈ ਕਦਮ ਚੁੱਕੇ ਜਾ ਰਹੇ ਹਨ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ?

———

## ਨਹਿਰੀ ਪਾਣੀ ਦੀ ਸਾਂਭ ਸੰਭਾਲ ਲਈ ਨੀਤੀ ਲਿਆਉਣਾ

***746. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਦੋਂ ਫਸਲ ਪੱਕ ਜਾਂਦੀ ਹੈ ਤਾਂ ਨਹਿਰੀ ਪਾਣੀ ਦੀ ਲੋੜ ਨਾ ਹੋਣ ਕਾਰਨ ਪਾਣੀ ਦੀ ਸਪਲਾਈ ਨੂੰ ਅਣ-ਦੇਖਿਆ ਕਰ ਦਿੱਤਾ ਜਾਂਦਾ ਹੈ; ਜਿਸ ਨਾਲ ਪਾਣੀ ਐਂਵੇ ਹੀ ਬਰਬਾਦ ਹੁੰਦਾ ਰਹਿੰਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸਰਕਾਰ ਨਹਿਰੀ ਪਾਣੀ ਦੀ ਸਾਂਭ-ਸੰਭਾਲ ਲਈ ਕੋਈ ਨੀਤੀ ਲਿਆਉਣ ਦੀ ਤਜਵੀਜ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ?

———

## ਰਾਮਪੁਰਾ ਫੂਲ ਵਿਖੇ ਕੂੜੇ ਦੇ ਨਿਪਟਾਰੇ ਲਈ ਢੁੱਕਵਾਂ ਸਥਾਨ ਦੇਣਾ

***747. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਮਪੁਰਾ ਫੂਲ ਵਿਖੇ ਸਥਾਨਕ ਲੋਕਾਂ ਲਈ ਕੂੜਾ-ਕਰਕਟ ਸੁੱਟਣ ਲਈ ਕੋਈ ਸਥਾਨ ਨਹੀਂ ਦਿੱਤਾ ਗਿਆ, ਜਿਸ ਕਾਰਨ ਕੂੜੇ ਦੇ ਢੇਰ ਥਾਂ-ਥਾਂ ਤੇ ਲੱਗਣ ਕਾਰਨ ਭਿਆਨਕ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ; ਜੇਕਰ ਅਜਿਹਾ ਹੈ ਤਾਂ ਕੀ ਰਾਮਪੁਰਾ ਫੂਲ ਵਿਖੇ ਕੂੜੇ ਦੇ ਨਿਪਟਾਰੇ ਲਈ ਕੋਈ ਢੁੱਕਵਾਂ ਸਥਾਨ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਫਗਵਾੜਾ ਦੇ ਮੁਹੱਲਿਆਂ ਵਿੱਚ ਸੀਵਰੇਜ ਪਾਉਣ ਦਾ ਪ੍ਰਬੰਧ ਕਰਨਾ

***749. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਗਵਾੜਾ ਦੇ ਸੰਘਣੀ ਅਬਾਦੀ ਵਾਲੇ ਇਲਾਕੇ ਸੁਖਚੈਨ ਨਗਰ, ਸਾਹਿਬਜਾਦਾ ਅਜੀਤ ਸਿੰਘ ਨਗਰ, ਪੁਹੇਵਾਲ ਨਗਰ ਅਤੇ ਇਸ ਦੇ ਆਸ-ਪਾਸ ਲਗਦੇ ਹੋਏ ਮੁਹੱਲਿਆਂ ਵਿੱਚ ਸੀਵਰੇਜ਼ ਦੀ ਸਮੱਸਿਆ ਹੈ; ਜੇਕਰ ਅਜਿਹਾ ਹੈ ਤਾਂ ਇਥੇ ਕਦੋਂ ਤੱਕ ਸੀਵਰੇਜ਼ ਪਾ ਦਿੱਤਾ ਜਾਵੇਗਾ?

——

## ਹਲਕਾ ਫਗਵਾੜਾ ਦੇ ਸ਼ਹਿਰੀ ਖੇਤਰ ਅਧੀਨ ਆਉਂਦੀਆਂ ਦੋ ਸੜਕਾਂ ਬਣਾਉਣਾ

***750. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਗਵਾੜਾ ਦੇ ਸ਼ਹਿਰੀ ਖੇਤਰ ਅਧੀਨ ਆਉਂਦੀਆਂ 02 ਪ੍ਰਮੁੱਖ ਸੜਕਾਂ ਬੰਗਾ ਰੋਡ (ਗੋਲ ਚੌਂਕ ਤੋਂ ਮੇਹਲੀ ਤੱਕ), ਲੰਬਾਈ ਲਗਭਗ 5.20 Km, ਚੋੜਾਈ-07 ਮੀਟਰ ਅਤੇ ਪਲਾਹੀ ਰੋਡ (ਸ਼ੂਗਰ ਮਿਲ ਤੋਂ ਚੌਂਕ ਤੋਂ ਪਿੰਡ ਪਲਾਹੀ ਦੀ ਹੱਦ ਤੱਕ), ਲੰਬਾਈ ਲਗਭਗ 3.90 Km, ਚੌੜਾਈ-07 ਮੀਟਰ ਨੂੰ ਨਵੀਂ ਬਣਾਉਣ ਜਾਂ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

——

## ਹਲਕਾ ਫਗਵਾੜਾ ਦੇ ਸ਼ਹਿਰੀ ਖੇਤਰ ਵਿੱਚ ਘਰਾਂ ਉਪਰੋਂ ਲੰਘਦੀਆਂ ਤਾਰਾਂ ਸ਼ਿਫਟ ਕਰਨਾ

***751. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਗਵਾੜਾ ਦੇ ਸ਼ਹਿਰੀ ਖੇਤਰ ਜਿਵੇਂ ਕਿ ਹਰਗੋਬਿੰਦ ਨਗਰ, ਹਤਨਪੁਰਾ, ਨਿਊ ਮਾਡਲ ਟਾਊਨ, ਜੇ.ਸੀ.ਟੀ. ਮਿੱਲ ਆਦਿ ਵਿੱਚ ਘਰਾਂ ਦੇ ਉਪਰੋਂ ਲੰਘਦੀਆਂ 11kv ਜਾਂ 11000 ਵੋਲਟ ਬਿਜਲੀ ਦੀਆਂ ਤਾਰਾਂ ਨੂੰ XLPE ਕੇਬਲ, ਆਧੁਨਿਕ ਤਕਨੀਕ ਰਾਹੀਂ ਸ਼ਿਫਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸ਼ਤਿਹਾਰ ਨੰ 1 ਆਫ 2023 ਰਾਹੀਂ ਭਰਤੀ ਕਰਨ ਵਿੱਚ ਸੁਤੰਤਰਤਾ ਸੰਗਰਾਮੀਆਂ ਦਾ ਰਿਜਰਵੇਸ਼ਨ ਖਤਮ ਕਰਨਾ

***752. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਇਸ਼ਤਿਹਾਰ ਨੰ 1 ਆਫ 2023 ਰਾਹੀਂ ਗਰੁੱਪ ਸੀ ਸੇਵਾਵਾਂ ਦੇ ਫਾਇਰਮੈਨਾਂ ਅਤੇ ਡਰਾਈਵਰ/ਆਪਰੇਟਰਾਂ ਦੇ ਅਮਲੇ ਦੀਆਂ ਭਰਤੀਆਂ ਕਰਨ ਵਿੱਚ ਸੁਤੰਤਰਤਾ ਸੰਗਰਾਮੀਆਂ ਦਾ ਰਿਜਰਵੇਸ਼ਨ ਖਤਮ ਕਰ ਦਿੱਤਾ ਗਿਆ ਹੈ;

ਅ) ਜੇਕਰ ਹਾਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਜੇਕਰ ਨਹੀਂ ਤਾਂ ਇਹਨਾਂ ਭਰਤੀਆਂ ਵਿੱਚ ਉਹ ਕਿਸ ਢੰਗ ਨਾਲ ਅਪਲਾਈ ਕਰ ਸਕਣਗੇ?

———

## ਨਾਲੇਜ ਸ਼ੇਅਰਿੰਗ ਐਗਰੀਮੈਂਟ ਦੇ ਸਬੰਧ ਵਿੱਚ ਦਿੱਲੀ ਸਰਕਾਰ ਨਾਲ ਕੀਤੀਆਂ ਮੀਟਿੰਗਾਂ ਦੇ ਵੇਰਵੇ

***753. (ਸੀ.ਯੂ.) ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਮੰਤਰੀ ਮੰਡਲ ਨੇ ਰਾਜ ਸਰਕਾਰ ਦੁਆਰਾ ਦਿੱਲੀ ਸਰਕਾਰ ਨਾਲ ਕੀਤੇ ਗਏ ਨਾਲੇਜ ਸ਼ੇਅਰਿੰਗ ਐਗਰੀਮੈਂਟ ਦੇ ਸਬੰਧ ਵਿੱਚ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਅ) ਇਸ ਸਮਝੌਤੇ ਅਧੀਨ, ਮਿਤੀ ਅੰਤ ਤੱਕ ਦੋਨਾਂ ਸਰਕਾਰਾਂ ਦੁਆਰਾ ਕਿੰਨੀਆਂ ਬੈਠਕਾਂ ਕੀਤੀਆਂ ਗਈਆਂ ਅਤੇ ਕਿਹੜੇ-ਕਿਹੜੇ ਵਿਭਾਗਾਂ ਨੇ ਇਨ੍ਹਾਂ ਵਿੱਚ ਹਿੱਸਾ ਲਿਆ ਅਤੇ ਹਰ ਮੀਟਿੰਗ ਦੀ ਮਿਤੀ ਅਤੇ ਸਥਾਨ ਕੀ-ਕੀ ਸੀ;

ੲ) ਉੱਕਤ ਨਾਲੇਜ ਸ਼ੇਅਰਿੰਗ ਐਗਰੀਮੈਂਟ ਦੇ ਸਬੰਧ ਵਿੱਚ ਕੀਤੇ ਗਏ ਸਮਾਗਮਾਂ ਅਤੇ ਉਪਰੋਕਤ ਮੀਟਿੰਗਾਂ ਉੱਤੇ ਰਾਜ ਸਰਕਾਰ ਵੱਲੋਂ ਕੁੱਲ ਕਿੰਨਾ ਖਰਚ ਕੀਤਾ ਗਿਆ ਹੈ?

---

## ਇਤਿਹਾਸਕ ਸਥਾਨ ਬਿਲਗਾ ਵਿਖੇ ਫਰੀਡਮ ਫਾਈਟਰਾਂ ਦੀ ਯਾਦਗਾਰ ਬਣਾਉਣਾ

***755. (ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਿਲਗਾ ਵਿਖੇ ਫਰੀਡਮ ਫਾਇਟਰਜ਼ ਦੀ ਕੋਈ ਯਾਦਗਾਰ ਬਣਾਉਣ ਦੀ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ?

---

**ਹਲਕਾ ਨਕੋਦਰ ਦੇ ਨਗਰ ਬਿਲਗਾ ਵਿਖੇ ਡਿਗਰੀ ਕਾਲਜ ਖ੍ਹੋਲਣਾ**

***756. (ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਕੋਦਰ ਦੇ ਨਗਰ ਬਿਲਗਾ ਵਿਖੇ ਕੋਈ ਡਿਗਰੀ ਕਾਲਜ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਬਿਲਗਾ ਵਿਖੇ ਡਿਗਰੀ ਕਾਲਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਨਕੋਦਰ ਦੇ ਨਗਰ ਬਿਲਗਾ ਵਿਖੇ ਆਵਾਜਾਈ ਕੰਟਰੋਲ ਕਰਨ ਲਈ ਆਊਟਰ ਰਿੰਗ ਰੋਡ ਬਣਾਉਣਾ**

***757. (ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਨਕੋਦਰ ਦੇ ਨਗਰ ਬਿਲਗਾ ਵਿਖੇ ਆਊਟਰ ਰਿੰਗ ਰੋਡ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

———

**ਹਲਕਾ ਨਕੋਦਰ ਦੇ ਦੋਨਾ ਵਿਖੇ ਆਲੂਆਂ ਦੇ ਬੀਜ ਦਾ ਕੇਂਦਰ ਸਥਾਪਿਤ ਕਰਨਾ**

***758. (ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਕੋਲ ਆਲੂ ਦੇ ਬੀਜ ਦਾ ਕੋਈ ਕੇਂਦਰੇਸਥਾਨ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਹਲਕਾ ਨਕੋਦਰ ਦੇ ਦੋਨਾ ਵਿਖੇ ਜੋ ਕਿ ਆਲੂ ਦੀ ਫਸਲ ਦੀ ਵੱਧ ਉਪਜਾਊ ਵਾਲੀ ਬੈਲਟ ਹੈ, ਆਲੂ ਦੇ ਬੀਜ ਦਾ ਕੇਂਦਰ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ?

———

## ਸਿਵਲ ਹਸਪਤਾਲ ਫਤਿਹਗੜ੍ਹ ਵਿਖੇ ਆਈ.ਸੀ.ਯੂ ਵਾਰਡ ਬਣਾਉਣਾ

***759. (ਸੀ.ਯੂ.) ਸਰਦਾਰ ਲਖਬੀਰ ਸਿੰਘ ਰਾਏ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ ਫਤਿਹਗੜ੍ਹ ਵਿਖੇ ਕੋਈ ਵੀ ਆਈ.ਸੀ.ਯੂ ਵਾਰਡ ਨਹੀਂ ਹੈ; ਜਿਸ ਕਰਕੇ ਮਰੀਜਾਂ ਨੂੰ ਐਮਰਜੈਂਸੀ ਵਿੱਚ ਚੰਡੀਗੜ੍ਹ ਜਾਂ ਪਟਿਆਲਾ ਰੈਫਰ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਥੇ ਆਈ.ਸੀ.ਯੂ. ਵਾਰਡ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਗੁਰਦੁਆਰਾ ਫਤਿਹਗੜ੍ਹ ਸਾਹਿਬ ਨੂੰ ਭਾਖੜਾ ਤੋਂ ਸ਼ੁੱਧ ਅਤੇ ਸਾਫ ਪਾਣੀ ਦੀ ਸਪਲਾਈ ਦੇਣਾ

***760. (ਸੀ.ਯੂ.) ਸਰਦਾਰ ਲਖਬੀਰ ਸਿੰਘ ਰਾਏ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਜਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਇਤਿਹਾਸਕ ਗੁਰਦੁਆਰਾ ਸਾਹਿਬ ਤੇ ਸਥਿਤ ਪਵਿੱਤਰ ਸਰੋਵਰ ਨੂੰ ਭਾਖੜਾ ਤੋਂ ਸ਼ੁੱਧ ਅਤੇ ਸਾਫ ਜਲ ਦੀ ਸਪਲਾਈ ਦੇਣ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਜੇਕਰ ਕੋਈ ਤਜਵੀਜ਼ ਨਹੀਂ ਹੈ ਤਾਂ ਕੀ ਕਾਰਨ ਹਨ?

———

## ਫਤਿਹਗੜ੍ਹ ਸਾਹਿਬ ਵਿੱਚੋਂ ਲੰਘਦੀ ਭਾਖੜਾ ਮੇਨ ਲਾਈਨ ਦੇ ਕਿਨਾਰਿਆਂ ਦੀ ਸਫਾਈ ਅਤੇ ਰਿਪੇਅਰ ਕਰਨਾ

***761. (ਸੀ.ਯੂ.) ਸਰਦਾਰ ਲਖਬੀਰ ਸਿੰਘ ਰਾਏ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਿਲ੍ਹਾ ਫਤਿਹਗੜ੍ਹ ਸਾਹਿਬ ਵਿੱਚੋਂ ਲੰਘਦੀ ਭਾਖੜਾ ਮੇਨ ਲਾਈਨ ਪਿੰਡ ਫਿਰੋਜਪੁਰ (ਬੁਰਜੀ ਨੰਬਰ 130250) ਤੋਂ ਲੈ ਕੇ ਪਿੰਡ ਜਾਲਖੇੜੀ (ਬੁਰਜੀ ਨੰਬਰ 204443) ਤੱਕ ਅਤੇ ਨਿਰਵਾਨਾ ਬ੍ਰਾਂਚ ਸੌਢਾ ਹੈਡ (ਬੁਰਜੀ ਨੰ. 158230) ਤੋਂ ਲੈ ਕੇ ਪਿੰਡ ਪੋਲਾ (ਬੁਰਜ ਨੰ. 60250) ਤੱਕ ਮਿੱਟੀ ਖੁਰਨ ਕਰਕੇ ਕਿਨਾਰਿਆਂ ਦੀ ਹਾਲਤ ਬਹੁਤ ਖਰਾਬ ਹੈ ਅਤੇ ਬਿਲਕੁੱਲ ਵੀ ਸਾਫ ਸਫਾਈ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਪਰੋਕਤ ਦੀ ਰਿਪੇਅਰ ਅਤੇ ਸਫਾਈ ਸਬੰਧੀ ਕੋਈ ਤਜਵੀਜ਼ ਹੈ;

ਅ) ਜੇਕਰ ਕੋਈ ਤਜਵੀਜ਼ ਨਹੀਂ ਹੈ ਤਾਂ ਕੀ ਕਾਰਨ ਹਨ?

———

## ਫਤਿਹਗੜ੍ਹ ਸਾਹਿਬ ਵਿਖੇ ਪੁਲਿਸ ਸਟਾਫ ਦੀ ਨਫਰੀ ਪੂਰਾ ਕਰਨਾ

***762. (ਸੀ.ਯੂ.) ਸਰਦਾਰ ਲਖਬੀਰ ਸਿੰਘ ਰਾਏ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਪੁਲਿਸ ਸਟਾਫ ਦੀ ਨਫਰੀ ਬਹੁਤ ਘੱਟ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਘਾਟ ਨੂੰ ਪੂਰਾ ਕਰਨ ਲਈ ਕੀ ਤਜਵੀਜ਼ ਹੈ?

———

**ਲੰਬੀ ਤੋਂ ਗਿਦੜਬਾਹਾ ਸੜਕ ਦੀ ਰੀਕਾਰਪੈੱਟਿੰਗ ਕਰਨਾ**

***766. (ਸੀ.ਯੂ.) ਸਰਦਾਰ ਗੁਰਮੀਤ ਸਿੰਘ ਖੁੱਡੀਆਂ, ਐਮ.ਐਲ.ਏ. (ਹੁਣ ਮੰਤਰੀ):-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਲੰਬੀ ਤੋਂ ਗਿਦੜਬਾਹਾ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਲੰਬੀ ਤੋਂ ਗਿਦੜਬਾਹਾ ਸੜਕ ਦੀ ਰੀਕਾਰਪੈਟਿੰਗ ਜਾਂ ਨਵ-ਨਿਰਮਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਬਿਜਲੀ ਦੀ ਵੱਧ ਰਹੀ ਖਪਤ ਨੂੰ ਕੰਟਰੋਲ ਕਰਨਾ**

***768. (ਸੀ.ਯੂ.) ਸਰਦਾਰ ਗੁਰਮੀਤ ਸਿੰਘ ਖੁੱਡੀਆਂ, ਐਮ.ਐਲ.ਏ. (ਹੁਣ ਮੰਤਰੀ):-** ਕੀ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਿਜਲੀ ਦੀ ਵੱਧ ਰਹੀ ਖਪਤ ਨੂੰ ਕੰਟਰੋਲ ਕਰਨ ਲਈ ਸੂਬੇ ਦੇ ਕਿਸਾਨਾਂ ਲਈ ਸੋਲਰ ਮੋਟਰਾਂ ਲਗਾ ਕੇ ਉਹਨਾਂ ਨੂੰ ਗ੍ਰਿਡ ਨਾਲ ਜੋੜਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

———

**ਹਲਕਾ ਲੰਬੀ ਵਿਖੇ ਸਿੰਜਾਈ ਲਈ ਬਣੇ ਮੋਘਿਆਂ ਦੀ ਮੁਰੰਮਤ/ਨਵੇਂ ਬਣਾਉਣਾ**

***769. (ਸੀ.ਯੂ.) ਸਰਦਾਰ ਗੁਰਮੀਤ ਸਿੰਘ ਖੁੱਡੀਆਂ, ਐਮ.ਐਲ.ਏ. (ਹੁਣ ਮੰਤਰੀ):-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਲੰਬੀ ਵਿਖੇ ਸਿੰਜਾਈ ਲਈ ਬਣੇ ਮੋਘਿਆਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ ਜਿਸ ਕਾਰਨ ਕਿਸਾਨਾਂ ਨੂੰ ਸਿੰਜਾਈ ਲਈ ਪਾਣੀ ਨਹੀਂ ਪਹੁੰਚ ਰਿਹਾ; ਜੇਕਰ ਅਜਿਹਾ ਹੈ ਤਾਂ ਕਿ ਖਰਾਬ ਪਏ ਮੋਘਿਆਂ ਦੀ ਮੁਰੰਮਤ/ਨਵੇਂ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਸਰਹਿੰਦ-ਸ਼ਹਿਣਾ ਰੋਡ ਨਾਲ ਸਲਿਪ ਰੋਡ ਬਣਾਉਣਾ

***770. (ਸੀ.ਯੂ.) ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੋ ਨੈਸ਼ਨਲ ਹਾਈਵੇ ਅਥਾਰਟੀ ਇੰਡੀਆ ਵੱਲੋਂ ਸਰਹਿੰਦ-ਸ਼ਹਿਣਾ ਰੋਡ ਬਣਾਈ ਜਾ ਰਹੀ ਹੈ, ਕੀ ਪੰਜਾਬ ਸਰਕਾਰ ਵੱਲੋਂ ਇਸ ਰੋਡ ਨਾਲ ਸਲਿਪ ਰੋਡ ਬਣਾਉਣ ਦੀ ਵੀ ਪ੍ਰੋਵੀਜਨ ਰੱਖੀ ਜਾ ਰਹੀ ਹੈ?

———

## ਮੰਡੀ ਗੋਬਿੰਦਗੜ੍ਹ ਤੋਂ ਭਵਾਨੀਗੜ੍ਹ ਸਟੇਟ ਹਾਈਵੇ ਦਾ ਪੁਨਰ ਨਿਰਮਾਣ ਕਰਨਾ

***771. (ਸੀ.ਯੂ.) ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੰਡੀ ਗੋਬਿੰਦਗੜ੍ਹ ਤੋਂ ਭਵਾਨੀਗੜ੍ਹ ਸਟੇਟ ਹਾਈਵੇ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਹਾਂ ਤਾਂ ਕੀ ਇਸ ਦੇ ਪੁਨਰ ਨਿਰਮਾਣ ਦੀ ਕੋਈ ਸਮਾਂ ਬੱਧ ਯੋਜਨਾ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਦੇ ਨਿਰਮਾਣ ਨੂੰ ਪੂਰਾ ਕੀਤਾ ਜਾਵੇਗਾ?

———

**ਸੂਬੇ ਦੇ ਸਰਕਾਰੀ ਕਾਲਜਾਂ ਵਿੱਚ ਲੈਕਚਰਾਰਾਂ ਦੀ ਕਮੀ ਪੂਰੀ ਕਰਨਾ**

***772. (ਸੀ.ਯੂ.) ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ, ਐਮ.ਐਲ.ਏ.:–**
ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਸੂਬੇ ਦੇ ਸਰਕਾਰੀ ਕਾਲਜਾਂ ਵਿੱਚ ਲੈਕਚਰਾਰਾਂ ਦੀ ਭਾਰੀ ਕਮੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਪੂਰਾ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਕੀ ਸਰਕਾਰੀ ਕਾਲਜਾਂ ਵਿੱਚ ਨਵੇਂ ਕੋਰਸ, ਨਵੇਂ ਸਿੱਖਿਆ ਸੈਸ਼ਨ ਤੋਂ ਸ਼ੁਰੂ ਕੀਤੇ ਜਾ ਰਹੇ ਹਨ, ਵੇਰਵੇ ਸਹਿਤ ਦੱਸਿਆ ਜਾਵੇ ਅਤੇ ਕਿਹੜੇ ਕਿਹੜੇ ਨਵੇਂ ਕੋਰਸ ਪਾਠਕ੍ਰਮ ਵਿੱਚ ਸ਼ਾਮਿਲ ਕੀਤੇ ਜਾ ਰਹੇ ਹਨ?

———

**ਖੇਡਾਂ ਨੂੰ ਉਤਸ਼ਾਹਿਤ ਕਰਨਾ**

***774. (ਸੀ.ਯੂ.) ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ, ਐਮ.ਐਲ.ਏ.:–**
ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸਰਕਾਰ ਵੱਲੋਂ ਖੇਡ ਢਾਂਚੇ ਨੂੰ ਬਣਾਉਣ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀ ਕਦਮ ਚੁੱਕੇ ਗਏ ਹਨ;

ਅ) ਖੇਡ ਮੰਤਰਾਲੇ ਵੱਲੋਂ 1 ਅਪ੍ਰੈਲ 2022 ਤੋਂ ਹੁਣ ਤੱਕ ਕੁੱਲ ਕਿੰਨੇ ਨਵੇਂ ਸਟੇਡੀਅਮ ਬਣਾਏ ਗਏ ਜਾਂ ਅੰਤਰ-ਰਾਸ਼ਟਰੀ ਸਹਾਇਤਾ ਪ੍ਰਾਪਤ ਦੇ ਅਨੁਰੂਪ ਕਿੰਨੇ ਸਟੇਡੀਅਮ ਬਣਾਉਣ ਦੀ ਤਜਵੀਜ਼ ਕੀਤੀ ਗਈ;

ੲ) ਖੇਡ ਮੰਤਰਾਲੇ ਵੱਲੋਂ 1 ਅਪ੍ਰੈਲ 2022 ਤੋਂ ਹੁਣ ਤੱਕ ਕੁੱਲ ਕਿੰਨੇ ਖੇਡ ਕੋਚਾਂ ਦੀ ਭਰਤੀ ਕੀਤੀ ਗਈ ਤੇ ਕਿੰਨੇ ਨਵੇਂ ਖੇਡ ਸੈਂਟਰ ਸਥਾਪਤ ਕੀਤੇ ਗਏ ਜਾਂ ਕੀਤੇ ਜਾ ਰਹੇ ਹਨ ਅਤੇ ਕਿਥੇ-ਕਿਥੇ, ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

———

**ਨਗਰ ਕੌਂਸਲ ਭੋਗਪੁਰ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ ਦਾ ਕੰਮ ਸ਼ੁਰੂ ਕਰਨਾ**

***777. (ਸੀ.ਯੂ.) ਸ਼੍ਰੀ ਸੁਖਵਿੰਦਰ ਸਿਘ ਕੋਟਲੀ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਨਗਰ ਕੌਂਸਲ ਭੋਗਪੁਰ (ਆਦਮਪੁਰ) ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ ਸਥਾਪਿਤ ਕਰਨ ਲਈ 69 ਲੱਖ ਰੁਪਏ ਦੀ ਲਾਗਤ ਦੀ ਜਮੀਨ ਖਰੀਦੀ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰੋਜੈਕਟ ਤੇ ਕੰਮ ਸ਼ੁਰੂ ਨਾ ਕੀਤੇ ਜਾਣ ਦੇ ਕੀ ਕਾਰਨ ਹਨ;

ਅ) ਉਕਤ ਸੀਵਰੇਜ ਟ੍ਰੀਟਮੈਂਟ ਪਲਾਂਟ ਤੇ ਕਦੋਂ ਤੱਕ ਕੰਮ ਸ਼ੁਰੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ ਕਿੰਨੀ ਹੈ?

———

**ਨਕੋਦਰ-ਜਗਰਾਉਂ ਰੋਡ ਨੂੰ ਫੋਰ ਲੇਨ ਕਰਨਾ**

***779. (ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਕੋਦਰ-ਜਗਰਾਉਂ ਰੋਡ ਜੋ ਕਿ ਨਕੋਦਰ ਸ਼ਹਿਰ ਦੇ ਵਿੱਚੋਂ ਲੰਘਦਾ ਹੈ, ਉੱਤੇ ਵਾਧੂ ਆਵਾਜਾਈ ਹੋਣ ਕਾਰਨ ਇਸ ਸੜਕ ਨੂੰ ਚੌੜਾ ਕਰਕੇ ਫੋਰ ਲੇਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਫਲੌਰ ਤੋਂ ਕਪੂਰਥਲਾ ਮਾਰਗ ਨੂੰ ਨੂਰਮਹਿਲ ਜਲੰਧਰ ਰੋਡ ਅਤੇ ਨਕੋਦਰ ਜਲੰਧਰ ਬਾਈਪਾਸ ਨਾਲ ਜੋੜਨਾ ਅਤੇ ਚੌੜਾ ਕਰਨਾ

***780. (ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਫਿਲੋਰ ਤੋਂ ਕਪੂਰਥਲਾ ਤੱਕ ਦੀ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਇਹ ਸੜਕ ਬਹੁਤ ਤੰਗ ਹੋਣ ਕਾਰਨ ਆਵਾਜਾਈ ਵਿੱਚ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੁਰਘਟਨਾਵਾਂ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਸ ਮਾਰਗ ਨੂੰ ਨਿਰਮਾਣ ਪਲਾਨ ਵਿੱਚ ਲਿਆ ਕੇ ਨੂਰਮਹਿਲ ਜਲੰਧਰ ਰੋਡ ਅਤੇ ਨਕੋਦਰ ਜਲੰਧਰ ਬਾਈਪਾਸ ਨਾਲ ਜੋੜਨ ਅਤੇ ਚੌੜਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਸਿਵਲ ਹਸਪਤਾਲ ਭੁੱਚੋਂ ਮੰਡੀ ਵਿਖੇ ਪੋਸਟ ਮਾਰਟਮ ਕਰਨ ਦੀ ਸਹੂਲਤ ਦੇਣਾ

***782. (ਸੀ.ਯੂ.) ਮਾਸਟਰ ਜਗਸੀਰ ਸਿੰਘ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ ਭੁੱਚੋਂ ਮੰਡੀ ਵਿਖੇ ਪੋਸਟ ਮਾਰਟਮ ਕਰਨ ਦਾ ਕੋਈ ਪ੍ਰਬੰਧ ਨਹੀਂ ਹੈ, ਜਿਸ ਕਰਕੇ ਲੋਕਾਂ ਨੂੰ ਜਿਲ੍ਹਾ ਹਸਪਤਾਲ/ਸਿਵਲ ਹਸਪਤਾਲ ਬਠਿੰਡਾ ਵਿਖੇ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਸਿਵਲ ਹਸਪਤਾਲ ਭੁੱਚੋਂ ਮੰਡੀ ਵਿਖੇ ਪੋਸਟ ਮਾਰਟਮ ਦਾ ਪ੍ਰਬੰਧ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਪ੍ਰਾਈਵੇਟ ਹਸਪਤਾਲਾਂ ਦੁਆਰਾ ਵਾਧੂ ਪੈਸੇ ਚਾਰਜ ਕਰਨ ਤੇ ਪਾਲਿਸੀ ਬਣਾਉਣਾ

***783. (ਸੀ.ਯੂ.) ਮਾਸਟਰ ਜਗਸੀਰ ਸਿੰਘ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪ੍ਰਾਈਵੇਟ ਹਸਪਤਾਲਾਂ ਵਾਲੇ ਆਪਣੀ ਮਨਮਰਜੀ ਨਾਲ Bed Charge ਅਤੇ ਹੋਰ ਸੇਵਾਂਵਾਂ ਦੇ ਵਾਧੂ ਚਾਰਜ ਲੈਂਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਨੂੰ ਨਿਯੰਤਰਿਤ ਕਰਨ ਲਈ ਕੋਈ ਪਾਲਿਸੀ ਸਰਕਾਰ ਬਣਾਏਗੀ; ਜੇਕਰ ਹਾਂ ਤਾਂ ਕਦੋਂ ਤੱਕ?

———

## ਸੁਲਤਾਨਪੁਰ ਲੋਧੀ ਹਲਕੇ ਵਿੱਚ ਬਿਆਸ ਦਰਿਆ ਦੇ ਓਵਰ ਫਲੋ ਨੂੰ ਰੋਕਣਾ

***785. (ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਢਿਲਵਾਂ ਅਤੇ ਹਰੀਕੇ ਹੈਡਵਰਕਸ ਵਿਚਕਾਰ ਬਿਆਸ ਦਰਿਆ ਦੇ ਫੈਲਾਅ ਵਿੱਚ ਮੌਜੂਦਾ ਜਲ ਦੀ ਸਮੱਰਥਾ ਇਸ ਦੇ ਡਿਜਾਈਨ ਅਨੁਸਾਰ ਕਿੰਨੀ ਹੈ;

ਅ) ਕੀ ਇਹ ਠੀਕ ਹੈ ਕਿ ਹਰੀਕੇ ਬੰਨ ਦੀ ਹੜਾਂ ਦੇ ਪਾਣੀ ਨੂੰ ਛੱਡਣ ਦੀ ਸਮੱਰਥਾ 650000 ਕਿਊਸਿਕ ਹੈ;

ੲ) ਪਿਛਲੇ ਸਾਲ ਇਸਦੀ ਡਿਜਾਈਨ ਸਮੱਰਥਾ ਦੇ ਮੁਕਾਬਲੇ ਹਰੀਕੇ ਬੰਨ ਰਾਹੀਂ ਵੱਧ ਤੋਂ ਵੱਧ ਹੜਾਂ ਦਾ ਕਿੰਨਾਂ ਪਾਣੀ ਛੱਡਿਆ ਗਿਆ ਹੈ;

ਸ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਸੁਲਤਾਨਪੁਰ ਲੋਧੀ ਹਲਕੇ ਵਿੱਚ ਲਗਭੱਗ ਹਰੇਕ ਬਰਸਾਤੀ ਮੌਸਮ ਵਿੱਚ ਬਿਆਸ ਦਰਿਆ ਦੇ ਓਵਰ ਫਲੋ ਹੋ ਜਾਣ ਅਤੇ ਹੜਾਂ ਦੇ ਕਾਰਨ ਕੀ ਹਨ ਜਿਸ ਨਾਲ ਫਸਲਾਂ ਅਤੇ ਹੋਰ ਜਾਇਦਾਦਾਂ ਨੂੰ ਨੁਕਸਾਨ ਪਹੁੰਚ ਦੇ ਨਾਲ ਨਾਲ ਵੱਡੀਆਂ ਵੱਡੀਆਂ ਜਮੀਨਾਂ ਖੇਤੀ ਲਈ ਅਯੋਗ ਹੋ ਗਈਆਂ ਹਨ;

ਹ) ਵਾਰ-ਵਾਰ ਵਾਪਰਨ ਵਾਲੀ ਉਕਤ ਅਵਸਥਾ ਨੂੰ ਰੋਕਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ ਜਾਂ ਚੁੱਕਣ ਦੀ ਤਜਵੀਜ ਕਰ ਰਹੀ ਹੈ?

———

## ਸੀਨੀਅਰ ਸੈਕੰਡਰੀ ਸਕੂਲ, ਸਟੀਨ (ਧਾਰ ਬਲਾਕ) ਵਿਖੇ ਸਾਇੰਸ ਕਾਮਰਸ ਸਟਰੀਮ ਸ਼ੁਰੂ ਕਰਨਾ

***787. (ਸੀ.ਯੂ.) ਸ਼੍ਰੀ ਨਰੇਸ਼ ਪੁਰੀ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੀਨੀਅਰ ਸੈਕੰਡਰੀ ਸਕੂਲ, ਸਟੀਨ (ਧਾਰ ਬਲਾਕ) ਵਿਖੇ ਸਾਇੰਸ ਅਤੇ ਕਾਮਰਸ ਸਟਰੀਮ ਕਦੋਂ ਸ਼ੁਰੂ ਕਰਨ ਦੀ ਤਜਵੀਜ਼ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਸੁਜਾਨਪੁਰ ਪਠਾਨਕੋਟ ਲਿੰਕ ਰੋਡ ਤੇ ਰੇਲਵੇ ਕਰਾਸਿੰਗ ਤੇ ਫਲਾਈ ਓਵਰ ਬਣਾਉਣਾ

***789. (ਸੀ.ਯੂ.) ਸ਼੍ਰੀ ਨਰੇਸ਼ ਪੁਰੀ ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੁਜਾਨਪੁਰ ਪਠਾਨਕੋਟ ਲਿੰਕ ਰੋਡ ਤੇ ਰੇ ਲਵੇ ਕਰਾਸਿੰਗ ਉੱਪਰ ਫਲਾਈ ਓਵਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਨੈਸ਼ਨਲ ਹਾਈਵੇ ਤੇ ਮਾਲ ਜਾਂ ਸਟੋਰਾਂ ਲਈ ਵੱਖਰੀ ਸਰਵਿਸ ਲੇਨ ਬਣਾਉਣਾ

**790. (ਸੀ.ਯੂ.) ਸ਼੍ਰੀ ਨਰੇਸ਼ ਪੁਰੀ ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੈਸ਼ਨਲ ਹਾਈਵੇ ਤੇ ਕਈ ਮਾਲ ਅਤੇ ਖਾਣ ਪੀਣ ਦੇ ਵੱਡੇ ਸਟੋਰ ਖੁੱਲੇ ਹੋਏ ਹਨ, ਜਿੱਥੇ ਕਈ ਗੱਡੀਆਂ ਖੜੀਆਂ ਰਹਿੰਦੀਆਂ ਹਨ, ਕੀ ਇਹਨਾਂ ਮਾਲ ਜਾਂ ਸਟੋਰਾਂ ਲਈ ਕੋਈ ਵੱਖਰੀ ਸਰਵਿਸ ਲੇਨ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਕਿਸਾਨਾਂ ਨੂੰ ਸਿੰਚਾਈ ਕਰਨ ਵਾਲੀਆਂ ਮੋਟਰਾਂ ਦੇ ਕੁਨੈਕਸ਼ਨ ਦੇਣਾ

***792. (ਸੀ.ਯੂ.) ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿੰਚਾਈ ਕਰਨ ਵਾਲੀਆਂ ਮੋਟਰਾਂ ਦੇ ਕੁਨੈਕਸ਼ਨਾਂ ਦੀ ਸਿਕਿਓਰਟੀ ਕਿਸਾਨਾਂ ਵੱਲੋਂ ਜਮਾਂ ਕਰਵਾਉਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਦਿੱਤੇ ਗਏ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਸਰਕਾਰ ਕਦੋਂ ਤੱਕ ਕਿਸਾਨਾਂ ਨੂੰ ਕੁਨੈਕਸ਼ਨ ਮੁੱਹਈਆ ਕਰਵਾ ਦੇਵੇਗੀ?

---

## ਹਲਕਾ ਰਾਏਕੋਟ ਦੇ ਪਿੰਡਾਂ ਦੀਆਂ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀ ਘਾਟ ਪੂਰੀ ਕਰਨਾ

***793. (ਸੀ.ਯੂ.) ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਹਲਕਾ ਰਾਏਕੋਟ ਦੇ ਪਿੰਡਾਂ ਦੀਆਂ ਸਰਕਾਰੀ ਡਿਸਪੈਂਸਰੀਆਂ ਵਿੱਖੇ ਡਾਕਟਰਾਂ ਦੀ ਕਮੀ ਹੈ ਅਤੇ ਕੁੱਝ ਡਾਕਟਰ ਮੁੱਹਲਾ ਕਲੀਨਿਕ ਵਿੱਚ ਲਗਾ ਦਿੱਤੇ ਗਏ ਹਨ;

ਅ) ਕਿਹੜੇ–ਕਿਹੜੇ ਪਿੰਡਾਂ ਵਿੱਚ ਡਾਕਟਰਾਂ ਦੀ ਕਮੀ ਹੈ ਅਤੇ ਸਰਕਾਰ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰੇਗੀ?

---

## ਹਲਕਾ ਰਾਏਕੋਟ ਦੇ ਬਲਾਕ ਸੁਧਾਰ ਦੇ ਸਰਕਾਰੀ ਹਸਪਤਾਲ ਨੂੰ ਅੱਪਗ੍ਰੇਡ ਕਰਨਾ

***794. (ਸੀ.ਯੂ.) ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਹਲਕਾ ਰਾਏਕੋਟ ਦੇ ਅਧੀਨ ਪੈਂਦੇ ਬਲਾਕ ਸੁਧਾਰ ਵਿੱਚ ਮੌਜੂਦ ਸਰਕਾਰੀ ਹਸਪਤਾਲ ਨੂੰ ਅੱਪਗ੍ਰੇਡ ਕਰਨ ਸਬੰਧੀ ਸਰਕਾਰ ਕੋਈ ਵਿਚਾਰ ਕਰ ਰਹੀ ਹੈ?

———

## ਲੁਧਿਆਣਾ ਦੇ ਦੁੱਗਰੀ ਏਰੀਏ ਦੀਆਂ ਗਮਾਡਾ ਅਧੀਨ ਆਉਂਦੀਆਂ ਸੜਕਾਂ ਦੀ ਰੀਕਾਰਪੈੱਟਿੰਗ ਕਰਨਾ

***796. (ਸੀ.ਯੂ.) ਸਰਦਾਰ ਕੁਲਵੰਤ ਸਿੰਘ ਸਿੱਧੂ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਦੇ ਦੁੱਗਰੀ ਏ ਰੀਏ ਦੀਆਂ ਗਮਾਡਾ ਅਧੀਨ ਆਉਂਦੀਆਂ ਸੜਕਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, ਜਿਸ ਕਾਰਨ ਲੋਕਾਂ ਨੂੰ ਆਵਾਜਾਈ ਵਿੱਚ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਸੜਕਾਂ ਦੀ ਰੀਕਾਰਪੈੱਟਿੰਗ ਜਾਂ ਨਵ-ਨਿਰਮਾਣ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਜੈਤੋਂ ਦੇ ਸੀਵਰੇਜ਼ ਦਾ ਕੰਮ ਮੁਕੰਮਲ ਕਰਨਾ

***799. (ਸੀ.ਯੂ.) ਸ਼੍ਰੀ ਅਮੋਲਕ ਸਿੰਘ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਹਲਕਾ ਜੈਤੋਂ ਦੇ ਸੀਵਰੇਜ ਦੀ ਰਾਇਜ਼ਿੰਗ ਮੇਨ ਦਾ ਐਸਟੀਮੇਟ ਪਾਸ ਕੀਤਾ ਜਾ ਚੁੱਕਾ ਹੈ; ਜੇਕਰ ਅਜਿਹਾ ਹੈ ਤਾਂ ਸੀਵਰੇਜ ਦਾ ਕੰਮ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ;

ਅ) ਕੀ ਇਹ ਵੀ ਠੀਕ ਹੈ ਕਿ ਹਲਕਾ ਜੈਤੋਂ ਵਿਖੇ ਜੋ ਸੀਵਰੇਜ ਲਾਇਨ ਪਾਈ ਗਈ ਸੀ, ਉਸ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸੀਵਰੇਜ ਲਾਈਨ ਦੇ ਨਿਰੀਖਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਜੈਤੋਂ ਤੋਂ ਚੰਦਭਾਨ ਤੱਕ ਸੜਕ ਦੀ ਰੀਕਾਰਪੈੱਟਿੰਗ ਕਰਨਾ

***800. (ਸੀ.ਯੂ.) ਸ਼੍ਰੀ ਅਮੋਲਕ ਸਿੰਘ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜੈਤੋਂ ਤੋਂ ਚੰਦਭਾਨ ਤੱਕ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਦੀ ਰੀਕਾਰਪੈੱਟਿੰਗ ਕਰਨ ਜਾਂ ਨਵ-ਨਿਰਮਾਣ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਜੈਤੋਂ ਵਿਖੇ ਕੂੜੇ ਦੇ ਨਿਪਟਾਰੇ ਲਈ ਢੁੱਕਵਾਂ ਸਥਾਨ ਦੇਣਾ

***801. (ਸੀ.ਯੂ.) ਸ਼੍ਰੀ ਅਮੋਲਕ ਸਿੰਘ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜੈਤੋਂ ਵਿਖੇ ਸਥਾਨਕ ਲੋਕਾਂ ਲਈ ਕੂੜਾ-ਕਰਕਟ ਸੁੱਟਣ ਲਈ ਕੋਈ ਸਥਾਨ ਫਿਕਸ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੈ ਤਾਂ ਕੀ ਕੂੜੇ ਦੇ ਨਿਪਟਾਰੇ ਲਈ ਕੋਈ ਢੁੱਕਵਾਂ ਸਥਾਨ ਦੇਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

______

## ਪਿੰਡ ਅੱਟੀ, ਕਡਿਆਣਾ ਅਤੇ ਸੰਗ ਢੇਸੀਆਂ ਦੇ ਛੱਪੜਾਂ ਨੂੰ ਪਿੰਡੋਂ ਬਾਹਰ ਸ਼ਿਫਟ ਕਰਨਾ

***802. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਅੱਟੀ, ਕਡਿਆਣਾ ਅਤੇ ਸੰਗ ਢੇਸੀਆਂ (ਤਹਿਸਲ ਫਿਲੌਰ) ਵਿੱਚ ਛੱਪੜਾਂ ਦੇ ਗੰਦੇ ਪਾਣੀ ਦੇ ਓਵਰਫਲੋ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਨਾਲ ਖੇਤਾਂ ਵਿੱਚ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ;

ਅ) ਕੀ ਸਰਕਾਰ ਲੋਕ ਹਿੱਤ ਵਿੱਚ ਉਕਤ ਛੱਪੜਾਂ ਨੂੰ ਇਹਨਾਂ ਪਿੰਡਾਂ ਤੋਂ ਬਾਹਰ ਸ਼ਿਫਟ ਕਰਨ ਤੇ ਵਿਚਾਰ ਕਰੇਗੀ ਅਤੇ ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ?

______

## ਜਨਤਕ ਵੰਡ ਪ੍ਰਣਾਲੀ ਰਾਹੀਂ ਲਾਭਪਾਤਰੀਆਂ ਨੂੰ ਰਾਸ਼ਨ ਮੁਹੱਈਆ ਕਰਵਾਉਣਾ

***804. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :–

ੳ) ਕੀ ਇਹ ਠੀਕ ਹੈ ਕਿ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ) ਪ੍ਰਕਿਰਿਆ ਦੀ ਨਿਗਰਾਨੀ ਲਈ ਹਰੇਕ ਪਿੰਡ ਵਿਚ ਸਰਕਾਰ ਨੇ ਇੱਕ ਕਮੇਟੀ ਗਠਿਤ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਐਕਸ਼ਨ ਰੂਲਜ਼ ਅਤੇ ਵਿਨਿਯਮਾਂ ਦੇ ਵੇਰਵੇ ਕੀ ਹਨ;

ਅ) ਕੀ ਚੁਣੇ ਹੋਏ ਪ੍ਰਤਿਨਿਧੀ ਜਿਵੇਂ ਕਿ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਪੰਚਾਇਤ ਸੰਮਤੀ, ਸਰਪੰਚ ਅਤੇ ਪੰਚ ਅਜਿਹੀਆਂ ਕਮੇਟੀਆਂ ਦੇ ਮੈਂਬਰ ਹਨ; ਜੇਕਰ ਨਹੀਂ ਤਾਂ ਚੁਣੇ ਹੋਏ ਪ੍ਰਤਿਨਿਧੀਆਂ ਨੂੰ ਇਹਨਾਂ ਕਮੇਟੀਆਂ ਦੇ ਮੈਂਬਰ ਨਾਮਜ਼ਦ ਨਾ ਕਰਨ ਦੇ ਕਾਰਨ ਕੀ ਹਨ;

ੲ) ਕੀ ਬਹੁਤ ਸਾਰੇ ਯੋਗ ਲਾਭਪਾਤਰੀਆਂ ਨੂੰ ਜਾਇਜ਼ ਰਾਸ਼ਨ ਕਾਰਡ ਹੋਣ ਦੇ ਬਾਵਜੂਦ ਵੀ ਪੀ.ਡੀ.ਐਸ ਅਧੀਨ ਡਿਪੂ ਧਾਰਕਾਂ ਦੁਆਰਾ ਰਾਸ਼ਨ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਹਰੇਕ ਲਾਭਪਾਤਰੀ ਨੂੰ ਯਕੀਨੀ ਤੌਰ ਤੇ ਰਾਸ਼ਨ ਮੁਹੱਈਆ ਕਰਵਾਉਣ ਲਈ ਕਿਹੜੇ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ; ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ?

———

## ਮਿਊਂਸਿਪਲ ਕੌਂਸਲ ਫਿਲੌਰ ਵਿਖੇ ਅੱਗ ਬੁਝਾਊ ਗੱਡੀਆਂ ਮੁਹੱਈਆ ਕਰਵਾਉਣਾ

***805. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :–

ੳ) ਕੀ ਸਰਕਾਰ ਨੇ ਮਿਊਂਸਿਪਲ ਕੌਂਸਲ ਫਿਲੌਰ ਨੂੰ ਅੱਗ ਬੁਝਾਊ ਗੱਡੀਆਂ ਮੁਹੱਈਆ ਕਰਵਾਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕੀ ਵੇਰਵੇ ਹਨ;

ਅ) ਕੀ ਸਰਕਾਰ ਨੇ ਇਹਨਾਂ ਗੱਡੀਆਂ ਨੂੰ ਚਲਾਉਣ ਲਈ ਸਟਾਫ਼ (ਫਾਇਰਮੈਨ, ਡਰਾਈਵਰ ਆਦਿ) ਮੁਹੱਈਆ ਕਰਵਾਏ ਹਨ; ਜੇਕਰ ਨਹੀਂ ਤਾਂ ਸਰਕਾਰ ਦੁਆਰਾ ਮਿਊਂਸਿਪਲ ਕੌਂਸਲ ਫਿਲੌਰ ਨੂੰ ਉਪਰੋਕਤ ਅਮਲਾ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ; ਅਤੇ

ੲ) ਉਪਰੋਕਤ ਗੱਡੀਆਂ ਦੇ ਰੱਖ–ਰਖਾਵ (ਸਾਂਭ–ਸੰਭਾਲ) ਅਤੇ ਈਂਧਣ ਲਈ ਹੁਣ ਤੱਕ ਕਿੰਨੀ ਰਕਮ ਖਰਚ ਕੀਤੀ ਜਾ ਚੁੱਕੀ ਹੈ?

———

## ਸ੍ਰੀ ਮੁਕਤਸਰ ਸਾਹਿਬ ਰੋਡ ਅਤੇ ਜੈਤੋਂ ਤੋਂ ਭਦੌੜ (ਬਰਨਾਲਾ) ਰੋਡ ਨੂੰ ਜੋੜਨ ਲਈ ਬਾਈਪਾਸ ਬਣਾਉਣਾ

***807. (ਸੀ.ਯੂ.) ਸ਼੍ਰੀ ਅਮੋਲਕ ਸਿੰਘ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੈਤੋਂ ਤੋਂ ਸ੍ਰੀ ਮੁਕਤਸਰ ਸਾਹਿਬ ਰੋਡ ਅਤੇ ਜੈਤੋਂ ਤੋਂ ਭਦੌੜ (ਬਰਨਾਲਾ) ਰੋਡ ਨੂੰ ਜੋੜਨ ਲਈ ਕੋਈ ਬਾਈਪਾਸ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਜੀ.ਟੀ. ਰੋਡ ਗੁਰਬਖਸ ਸਿੰਘ ਵਾਲਾ ਪਿੰਡ ਤੋਂ ਤਰਨਤਾਰਨ ਨੂੰ ਜਾਂਦੀ ਸੜਕ ਤੇ ਪੁੱਲ ਕੱਢਣਾ

***810. (ਸੀ.ਯੂ.) ਸਰਦਾਰ ਜਸਵਿੰਦਰ ਸਿੰਘ ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀ.ਟੀ. ਰੋਡ ਗੁਰਬਖਸ ਸਿੰਘ ਵਾਲਾ ਪਿੰਡ ਤੋਂ ਤਰਨਤਾਰਨ ਸੜਕ ਜਿਸ ਤੇ ਵੱਡਾ ਡੇਰਾ ਤੇ 5–6 ਪਿੰਡ ਆਉਂਦੇ ਹਨ, ਉਸ ਸੜਕ ਕੋਲ ਛੋਟਾ ਰਸਤਾ ਨਹੀ ਛੱਡਿਆ ਗਿਆ; ਜੇਕਰ ਅਜਿਹਾ ਹੋਵੇ ਤਾਂ ਕੀ ਸੜਕ ਵਿੱਚ ਕੱਟ ਲਾ ਕੇ ਪੁਲ ਕੱਢਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

———

## ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਮਿਸਿੰਗ ਰਿਕਾਰਡ ਸਬੰਧੀ

***811. (ਸੀ.ਯੂ.) 1. ਡਾ. ਨਛੱਤਰ ਪਾਲ ਐਮ.ਐਲ.ਏ.)**

**2. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.):–** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਵਧੀਕ ਮੁੱਖ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਮਾਨਯੋਗ ਮੁੱਖ ਮੰਤਰੀ/ਮਾਨਯੋਗ ਮੁੱਖ ਸਕੱਤਰ ਪੰਜਾਬ ਜੀ ਨੂੰ ਮਿਤੀ 24.08.2020 ਰਾਹੀਂ ਭੇਜੀ ਸਪੈਸ਼ਲ ਰਿਪੋਰਟ ਵਿੱਚ ਵਿਭਾਗ ਦੇ 39:00 ਕਰੋੜ ਰੁਪਏ ਦਾ ਰਿਕਾਰਡ ਮਿਸਿੰਗ ਸਬੰਧੀ ਲਿਖਿਆ ਗਿਆ ਸੀ;

ਅ) ਜੇਕਰ ਹਾਂ ਤਾਂ ਇਹ ਦੱਸਿਆ ਜਾਵੇ ਕਿ ਇਸ ਰਿਪੋਰਟ ਦੀ ਜਾਂਚ ਕਰਨ ਲਈ ਮਿਤੀ 1.9.2020 ਨੂੰ ਗਠਿਤ ਕੀਤੀ ਗਈ 03 ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਦੀ ਕਮੇਟੀ ਵੱਲੋਂ ਮਿਸਿੰਗ ਰਿਕਾਰਡ ਸਬੰਧੀ ਕੀ ਸਪੱਸ਼ਟ ਕੀਤਾ ਗਿਆ ਸੀ, ਉਨ੍ਹਾਂ ਵੱਲੋਂ ਆਪਣੀ ਪੜਤਾਲ ਰਿਪੋਰਟ ਵਿੱਚ ਇਸ ਸਬੰਧੀ ਕੀ ਸਿੱਟਾ ਕੱਢਿਆ ਗਿਆ ਸੀ?

———

**ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਪ੍ਰਾਪਤ ਰਾਸ਼ੀ ਦਾ ਰਿਕਾਰਡ**

***812. (ਸੀ.ਯੂ.) 1. ਡਾ. ਨਛੱਤਰ ਪਾਲ ਐਮ.ਐਲ.ਏ.)**

**2. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.)**

**3. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.):-**

ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਭਾਰਤ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਮਹੀਨਾ ਫਰਵਰੀ ਅਤੇ ਮਾਰਚ 2019 ਦੌਰਾਨ ਪ੍ਰਾਪਤ ਹੋਈ ਰਾਸ਼ੀ 303.92 ਕਰੋੜ ਰੁਪਏ ਦੀ ਵੰਡ ਸਬੰਧੀ ਰਿਕਾਰਡ ਦਫਤਰ ਵੱਲੋਂ ਰੀਕੰਸਾਈਲ ਕਰ ਲਿਆ ਗਿਆ ਹੈ; ਜੇਕਰ ਹਾਂ ਤਾਂ ਕੀ ਵਿਭਾਗ ਦੀ ਲੇਖਾ ਸ਼ਾਖਾ ਦੇ ਰਿਕਾਰਡ ਅਨੁਸਾਰ ਵੰਡੀ ਗਈ ਰਾਸ਼ੀ ਵਿੱਚ ਕੋਈ ਤਰੁੱਟੀ ਪਾਈ ਗਈ ਹੈ;

ਅ) ਜੇਕਰ ਤਰੁੱਟੀ ਨਹੀਂ ਪਾਈ ਗਈ ਤਾਂ ਭਾਰਤ ਸਰਕਾਰ ਨੂੰ ਇਸ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਕਿਸ ਅਧਿਕਾਰੀ ਵੱਲੋਂ ਅਤੇ ਕਿਸ ਮਿਤੀ ਨੂੰ ਭੇਜਿਆ ਗਿਆ ਹੈ?

______

## ਰਾਜ ਵਿੱਚ ਵੱਖ-ਵੱਖ ਵਿਭਾਗਾਂ ਅਧੀਨ ਆਉਂਦੀ ਸਰਕਾਰੀ ਪ੍ਰਾਪਰਟੀ ਤੇ ਨਜਾਇਜ਼ ਕਬਜਿਆਂ ਦੇ ਵੇਰਵੇ

***813. (ਸੀ.ਯੂ.) ਸਰਦਾਰ ਅਜੀਤਪਾਲ ਸਿੰਘ ਕੋਹਲੀ ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਵੱਖ-ਵੱਖ ਵਿਭਾਗਾਂ ਅਧੀਨ ਆਉਂਦੀ ਸਰਕਾਰੀ ਪ੍ਰਾਪਰਟੀ ਤੇ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ;

ਅ) ਉਕਤ (ੳ) ਵਿੱਚ ਦਰਸਾਏ ਅਨੁਸਾਰ ਪਟਿਆਲਾ ਜ਼ਿਲ੍ਹੇ ਵਿੱਚ ਕਿੱਥੇ ਕਿੱਥੇ ਵੱਖ ਵੱਖ ਵਿਭਾਗਾਂ ਅਧੀਨ ਸਰਕਾਰੀ ਪ੍ਰਾਪਰਟੀ ਤੇ ਲੋਕਾਂ ਨੇ ਕਬਜ਼ੇ ਕੀਤੇ ਹੋਏ ਹਨ;

ੲ) ਉਕਤ (ੳ) ਵਿੱਚ ਦਰਸਾਏ ਅਨੁਸਾਰ ਇਸ ਪ੍ਰਾਪਰਟੀ ਤੋਂ ਰੈਵੀਨਿਊ ਪ੍ਰਾਪਤ ਕਰਨ ਲਈ ਕੀ ਸਰਕਾਰ ਵੱਲੋਂ ਕੋਈ ਪਾਲਿਸੀ ਵੀ ਬਣਾਈ ਗਈ ਹੈ; ਜੇ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਦੱਸੇ ਜਾਣ;

ਸ) ਜੇਕਰ ਅਜਿਹੀ ਕੋਈ ਪਾਲਿਸੀ ਨਹੀਂ ਬਣਾਈ ਗਈ ਤਾਂ ਕੀ ਸਰਕਾਰ ਕਬਜ਼ਾਧਾਰੀਆਂ ਨੂੰ ਜ਼ਮੀਨ ਅਲਾਟ ਕਰਨ ਜਾਂ ਉਸ ਜ਼ਮੀਨ ਤੋਂ ਕਬਜ਼ਾਧਾਰੀਆਂ ਤੋਂ ਕਿਸੇ ਰੂਪ ਵਿੱਚ ਰੈਵੀਨਿਊ ਪ੍ਰਾਪਤ ਕਰਨ ਲਈ ਮਿਤੀਬੱਧ ਸਮੇਂ ਅੰਦਰ ਕੋਈ ਪਾਲਿਸੀ ਬਣਾਏਗੀ;

ਹ) ਕੀ ਸਰਕਾਰ ਪਹਿਲਾਂ ਤੋਂ ਅਲਾਟ ਹੋਈਆਂ ਜ਼ਮੀਨਾਂ ਦੇ ਅਲਾਟੀਜ਼ ਨੂੰ ਉਨ੍ਹਾਂ ਦੇ ਨਾਂ ਤੇ ਰਜਿਸਟਰੀ ਕਰਵਾਉਣ ਦੀ ਵੀ ਕੋਈ ਪਾਲਿਸੀ ਬਣਾਏਗੀ ਤਾਂ ਕਿ ਸਰਕਾਰ ਦੇ ਰੈਵੀਨਿਊ ਵਿੱਚ ਵਾਧਾ ਹੋ ਸਕੇ?

------

## ਭਾਰਤ ਸਰਕਾਰ ਤੋਂ ਪ੍ਰਾਪਤ ਹੋਏ ਫੰਡਾਂ ਦੇ ਲੈਪਸ ਹੋਣ ਦੇ ਵੇਰਵੇ

***814. (ਸੀ.ਯੂ.) ਸਰਦਾਰ ਅਜੀਤਪਾਲ ਸਿੰਘ ਕੋਹਲੀ ਐਮ.ਐਲ.ਏ.:-** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2017 ਤੋਂ ਸਾਲ 2022 ਤੱਕ ਸਰਕਾਰ ਦੇ ਕਿੰਨੇ ਫੰਡਜ਼ ਵੱਖ ਵੱਖ ਸਕੀਮਾਂ ਅਧੀਨ ਭਾਰਤ ਸਰਕਾਰ ਤੋਂ ਪ੍ਰਾਪਤ ਹੋਣੇ ਸਨ ਜੋ ਲੈਪਸ ਹੋ ਗਏ;

ਅ) ਇਸ ਦੇ ਲੈਪਸ ਹੋਣ ਦੀ ਮੁੱਖ ਵਜ੍ਹਾ ਕੀ ਸੀ ਅਤੇ ਇਸ ਨਾਲ ਸਰਕਾਰ ਨੂੰ ਕਿੰਨਾ ਨੁਕਸਾਨ ਹੋਇਆ;

ੲ) ਇਨ੍ਹਾਂ ਫੰਡਜ਼ ਦੇ ਲੈਪਸ ਹੋਣ ਲਈ ਕਿਹੜੇ ਕਿਹੜੇ ਅਧਿਕਾਰੀ ਜ਼ਿੰਮੇਵਾਰ ਸਨ ਅਤੇ ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ?

———

## ਸੜਕਾਂ ਤੇ ਲੱਗੇ ਵਾਈਟ ਸਟਰਿੱਪਸ ਡਾਰਕ ਕਰਨਾ

***815. (ਸੀ.ਯੂ.) ਸਰਦਾਰ ਅਜੀਤਪਾਲ ਸਿੰਘ ਕੋਹਲੀ ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਧੁੰਦ ਦੇ ਦਿਨਾਂ ਵਿੱਚ ਵੱਖ ਵੱਖ ਸੜਕਾਂ ਤੇ ਵਾਈਟ ਸਟਰਿੱਪਸ ਨਾ ਹੋਣ ਜਾਂ ਮੱਧਮ ਹੋਣ ਕਾਰਨ ਪਿਛਲੇ ਤਿੰਨ ਸਾਲਾਂ ਦੌਰਾਨ ਕਿੰਨੇ ਹਾਦਸੇ ਹੋਏ ਹਨ ਅਤੇ ਉਸ ਵਿੱਚ ਕਿੰਨੀਆਂ ਜਾਨਾਂ ਗਈਆਂ ਹਨ;

ਅ) ਕੀ ਸਰਕਾਰ ਧੁੰਦ ਦੇ ਦਿਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਵਾਈਟ ਸਟਰਿੱਪਸ ਨੂੰ ਡਾਰਕ ਕਰਨ ਲਈ ਕੋਈ ਕਾਰਵਾਈ ਕਰੇਗੀ?

———

## ਪਟਿਆਲਾ ਤੋਂ ਚੰਡੀਗੜ੍ਹ ਵਾਇਆ ਸਰਹਿੰਦ-ਚੁੰਨੀ ਸੜਕ ਨੂੰ ਚਾਰ ਮਾਰਗੀ ਕਰਨਾ

***817. (ਸੀ.ਯੂ.) ਸਰਦਾਰ ਅਜੀਤਪਾਲ ਸਿੰਘ ਕੋਹਲੀ ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪਟਿਆਲਾ ਤੋਂ ਚੰਡੀਗੜ੍ਹ ਵਾਇਆ ਸਰਹਿੰਦ-ਚੁੰਨੀ ਸੜਕ ਨੂੰ ਚਾਰ ਮਾਰਗੀ ਬਣਾਉਣ ਲਈ ਕੋਈ ਟੈਂਡਰਿੰਗ ਪ੍ਰਾਸੈਸ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਟੈਂਡਰ ਕਦੋਂ ਪ੍ਰਵਾਨ ਹੋਏ ਅਤੇ ਇਸ ਤੇ ਕੰਮ ਸ਼ੁਰੂ ਨਾ ਕੀਤੇ ਜਾਣ ਦੇ ਕੀ ਕਾਰਨ ਹਨ;

ਅ) ਇਸ ਸੜਕ ਨੂੰ ਚਾਰ ਮਾਰਗੀ ਕਰਨ ਲਈ ਕਦੋਂ ਤੋਂ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ?

________

## ਬਰਾਨੀ ਜਮੀਨਾਂ ਦੀ ਸਿੰਜਾਈ ਲਈ ਪੁਰਾਣੇ ਨਿਯਮਾਂ ਨੂੰ ਬਦਲ ਕੇ ਨਹਿਰੀ ਪਾਣੀ ਦੀ ਸਪਲਾਈ ਦੇਣਾ

***820. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਬਰਾਨੀ ਜਮੀਨਾਂ ਨੂੰ ਕਿਸਾਨਾਂ ਨੇ ਕਰਾਹ ਕੇ ਪੱਧਰਾ ਕਰ ਲਿਆ ਹੈ, ਪਰ ਪੁਰਾਣੇ ਨਿਯਮਾਂ ਅਨੁਸਾਰ ਬਰਾਨੀ ਜਮੀਨ ਲਈ ਨਹਿਰੀ ਪਾਣੀ ਨਹੀਂ ਦਿੱਤਾ ਜਾ ਸਕਦਾ; ਜੇਕਰ ਅਜਿਹਾ ਹੈ ਤਾਂ ਕੀ ਸਿੰਜਾਈ ਲਈ ਪੁਰਾਣੇ ਨਿਯਮਾਂ ਨੂੰ ਬਦਲ ਕੇ ਨਹਿਰੀ ਪਾਣੀ ਦੀ ਸਪਲਾਈ ਦੇਣ ਦੀ ਕੋਈ ਤਜਵੀਜ ਸਰਕਾਰ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

________

## ਗ੍ਰਾਮ ਪੰਚਾਇਤ ਦੂਲੇਵਾਲਾ ਦੀ ਪੰਚਾਇਤੀ ਜਮੀਨ ਤੇ ਮੈਡੀਕਲ ਕਾਲਜ ਬਣਾਉਣਾ

***821. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਰਾਮਪੁਰਾ ਫੂਲ ਵਿਖੇ ਗ੍ਰਾਮ ਪੰਚਾਇਤ ਦੂਲੇਵਾਲਾ ਦੀ ਪੰਚਾਇਤੀ ਜਮੀਨ (ਲਗਭਗ 20 ਏਕੜ) ਜੋ ਕਿ ਰਾਮਪੁਰਾ ਸਲਾਬਤਪੁਰ ਹਾਈਵੇ ਤੇ ਸਥਿਤ ਹੈ, ਉੱਥੇ ਮੈਡੀਕਲ ਕਾਲਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਰਾਮਪੁਰਾ ਫੂਲ ਦੇ ਸਿਵਲ ਹਸਪਤਾਲ ਵਿੱਚ ਮਰੀਜਾਂ ਲਈ ਮਸ਼ੀਨਾਂ ਉਪਲੱਬਧ ਕਰਵਾਉਣਾ

***822. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਦੇ ਸਿਵਲ ਹਸਪਤਾਲ ਵਿੱਚ ਮਰੀਜਾਂ ਲਈ ਡਿਜਿਟਲ ਅਲਟਰਾਸਾਊਂਡ ਮਸ਼ੀਨ, ਇੰਡੋਸਕੋਪੀ, ਸਿਟੀ ਸਕੈਨ ਅਤੇ ਐਮ.ਆਰ.ਆਈ. ਮਸ਼ੀਨਾਂ ਉਪੱਲਬਧ ਨਹੀਂ ਹਨ; ਜੇਕਰ ਅਜਿਹਾ ਹੈ ਤਾਂ ਕੀ ਹਲਕਾ ਰਾਮਪੁਰਾ ਫੂਲ ਦੇ ਸਿਵਲ ਹਸਪਤਾਲ ਵਿੱਚ ਉਕਤ ਮਸ਼ੀਨਾਂ ਉਪਲੱਬਧ ਕਰਵਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਰਾਮਪੁਰਾ ਫੂਲ ਦੇ ਸਬ-ਡਵੀਜਨ ਹਸਪਤਾਲ ਵਿਖੇ ਸੁਵਿਧਾਵਾਂ ਉਪਲੱਬਧ ਕਰਵਾਉਣਾ

***823. (ਸੀ.ਯੂ.) ਸ਼੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਦੇ ਸਬ-ਡਵੀਜਨ ਹਸਪਤਾਲ ਵਿਖੇ ਬਲੱਡ ਬੈਂਕ ਦੀ ਬਿਲਡਿੰਗ ਨਹੀਂ ਹੈ, ਵਾਰਡਨ ਬਿਲਡਿੰਗ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, 03 ਮੰਜਿਲਾ ਹਸਪਤਾਲ ਵਿੱਚ ਲਿਫਟ ਨਹੀਂ ਹੈ, ਓਡ ਸੈਂਟਰ ਨਹੀਂ ਹੈ, ਪਾਰਕਿੰਗ ਲਈ ਸਥਾਨ ਨਹੀਂ ਹੈ, ਉੱਥੇ ਕੋਈ ਮਲਟੀਪਰਪਸ ਵਹੀਕਲ ਨਹੀਂ ਹੈ ਸਿਰਫ ਇੱਕ ਹੀ ਐਂਬੁਲੈਂਸ ਹੈ, ਸਟਾਫ ਲਈ ਕੁਆਰਟਰਜ਼ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਪਰੋਕਤ ਸਹੂਲਤਾਂ ਦੀ ਘਾਟ ਨੂੰ ਪੂਰਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਹਸਪਤਾਲ ਵਿੱਚ ਡਾਕਟਰਾਂ ਦੀਆਂ 21 ਤਸਦੀਕਸ਼ੁਦਾ ਅਸਾਮੀਆਂ ਹਨ ਜਿਨ੍ਹਾਂ ਵਿੱਚੋਂ 15 ਖਾਲੀ ਪਈਆਂ ਹਨ, ਸਟਾਫ ਨਰਸਾਂ ਦੀਆਂ 13 ਅਸਾਮੀਆਂ ਵਿੱਚੋਂ 7 ਖਾਲੀ ਪਈਆਂ ਹਨ; ਜੇ ਕਰ ਅਜਿਹਾ ਹੈ ਤਾਂ ਇਹਨਾਂ ਅਸਾਮੀਆਂ ਨੂੰ ਕਦੋਂ ਤੱਕ ਭਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ;

ੲ) ਕੀ ਇਹ ਵੀ ਠੀਕ ਹੈ ਕਿ ਉਕਤ ਹਸਪਤਾਲ ਦੇ ਤਿੰਨਾਂ ਐਂਟਰੀ ਗੇਟਾਂ ਅੱਗੇ ਪ੍ਰਾਈਵੇਟ ਦੁਕਾਨਾਂ ਬਣਾ ਲਈਆਂ ਗਈਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਦੁਕਾਨਾਂ ਨੂੰ ਉਥੋਂ ਹਟਾ ਕੇ ਹਸਪਤਾਲ ਦੇ ਗੇਟ ਚਾਲੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

______

## ਕੋਆਪਰੇਟਿਵ ਸੁਸਾਇਟੀਆਂ ਵਿੱਚ ਬੰਦ ਪਏ ਡੀਜਲ ਪੰਪਾਂ ਨੂੰ ਚਲਾਉਣਾ

***824. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੋਆਪਰੇਟਿਵ ਸੁਸਾਇਟੀਆਂ ਵਿੱਚ ਬੰਦ ਪਏ ਡੀਜਲ ਪੰਪਾਂ ਨੂੰ ਚਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਚਲਾ ਦਿੱਤੇ ਜਾਣਗੇ?

———

## ਬਾਘਾਪੁਰਾਣਾ ਦੇ ਪਿੰਡ ਚੰਦ ਨਵਾਂ ਅਤੇ ਰਾਜੇਆਣਾ ਵਿਖੇ ਪਾਵਰ ਗਰਿੱਡ ਲਗਾਉਣਾ

***825. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬਾਘਾਪੁਰਾਣਾ ਦੇ ਪਿੰਡ ਚੰਦ ਨਵਾਂ ਅਤੇ ਰਾਜੇਆਣਾ ਵਿਖੇ ਪਾਵਰ ਗਰਿੱਡ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਹਲਕਾ ਬਾਘਾਪੁਰਾਣਾ ਵਿਖੇ ਸੀਵਰੇਜ ਦੀ ਮੁਰੰਮਤ ਕਰਵਾਉਣਾ

***826. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬਾਘਾਪੁਰਾਣਾ ਵਿਖੇ ਸੀਵਰੇਜ ਦੀ ਹਾਲਤ ਬਹੁਤ ਖਰਾਬ ਹੈ ਜਿਸ ਕਾਰਨ ਸ਼ਹਿਰ ਵਿੱਚ ਥਾਂ-ਥਾਂ ਤੇ ਪਾਣੀ ਖੜਾ ਰਹਿੰਦਾ ਹੈ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਹਾਲਤ ਬਦ ਤੋ ਬਦਤਰ ਹੋ ਜਾਂਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਦੀ ਮੁਰੰਮਤ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਰਾਜ ਦੀਆਂ ਸਰਕਾਰੀ ਨੌਕਰੀਆਂ ਵਿੱਚ ਬਾਹਰਲੇ ਰਾਜਾਂ ਦੇ ਉਮੀਦਵਾਰਾਂ ਦੀ ਪ੍ਰਤੀਸ਼ਤਤਾ

***827. (ਸੀ.ਯੂ.) ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:–** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੀਆਂ ਸਰਕਾਰੀ ਨੌਕਰੀਆਂ ਵਿੱਚ ਬਾਹਰਲੇ ਰਾਜਾਂ ਦੇ ਐਸ.ਸੀ. ਕੋਟੇ ਦੇ ਉਮੀਦਵਾਰਾਂ ਨੂੰ ਕਿੰਨੇ ਪ੍ਰਤੀਸ਼ਤ ਲਾਭ ਦਿੱਤਾ ਜਾਂਦਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———

## ਪੰਚਾਇਤੀ ਜਮੀਨਾਂ ਤੇ ਦਰਖੱਤ ਲਗਾਉਣਾ

***828. (ਸੀ.ਯੂ.) ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਪਿੰਡਾਂ ਦੀਆਂ ਪੰਚਾਇਤੀ ਜਮੀਨਾਂ ਵਿੱਚ 1 ਜਾਂ 2 ਕਿੱਲੇ ਜਮੀਨ ਤੇ ਦਰਖੱਤ ਲਗਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਹ ਯੋਜਨਾ ਅਸਲ ਰੂਪ ਵਿੱਚ ਲਿਆਂਦੀ ਜਾਵੇਗੀ?

———

## ਸੂਬੇ ਦੇ ਨਹਿਰੀ ਪਾਣੀ ਨੂੰ ਪਿੰਡਾਂ ਤੱਕ ਪਹੁੰਚਾਉਣਾ

***830. (ਸੀ.ਯੂ.) ਸਰਦਾਰ ਦਲਬੀਰ ਸਿੰਘ ਟੌਂਗ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੁਆਰਾ ਸੂਬੇ ਦੇ ਨਹਿਰੀ ਪਾਣੀ ਨੂੰ ਪਿੰਡਾਂ ਤੱਕ ਪਹੁੰਚਾਉਣ ਲਈ ਅਤੇ ਪੀਣ ਵਾਲੇ ਪਾਣੀ ਨੂੰ ਬਚਾਉਣ ਲਈ ਕੋਈ ਸਾਰਥਕ ਕਦਮ ਚੁੱਕੇ ਜਾ ਰਹੇ ਹਨ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ?

———

## ਟੂਰਿਜ਼ਮ ਵਿਭਾਗ ਵਿੱਚ ਆਉਟ ਸੋਰਸ ਰਾਹੀਂ ਭਰਤੀ ਕੀਤੇ ਕਰਮਚਾਰੀਆਂ ਨੂੰ ਰੈਗੂਲਰ ਕਰਨਾ

***831. (ਸੀ.ਯੂ.) ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.:–** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਦੇ ਟੂਰਿਜ਼ਮ ਵਿਭਾਗ ਵਿੱਚ ਆਉਟ ਸੋਰਸ ਰਾਹੀਂ ਭਰਤੀ ਕੀਤੇ ਗਏ ਯਾਤਰਾ ਅਫਸਰ ਅਤੇ ਗਾਈਡ-ਕਮ-ਕਲਰਕ ਕੁਲ ਕਰਮਚਾਰੀ ਕਿੰਨੇ ਹਨ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਮਿਹਨਤਾਨਾ ਕਿਸ ਤਰ੍ਹਾਂ ਅਦਾ ਕੀਤਾ ਜਾਂਦਾ ਹੈ; ਕੀ ਇਹਨਾਂ ਨੂੰ ਰੈਗੂਲਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਬਟਾਲਾ ਸ਼ਹਿਰ ਅਤੇ ਨਾਲ ਲੱਗਦੇ ਪਿੰਡਾਂ ਲਈ ਕਬਰਿਸਤਾਨ ਬਣਾਉਣ ਲਈ ਜ਼ਮੀਨ ਅਲਾਟ ਕਰਨਾ

***832. (ਸੀ.ਯੂ.) ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕ੍ਰਿਸ਼ਚੀਅਨ ਭਾਈਚਾਰੇ ਦੀਆਂ ਭਾਵਨਾਵਾਂ ਦੇ ਮੱਦੇ ਨਜ਼ਰ ਬਟਾਲਾ ਸ਼ਹਿਰ ਅਤੇ ਨਾਲ ਲੱਗਦੇ ਪਿੰਡਾਂ ਵਿੱਚ ਵੱਖਰੇ-ਵੱਖਰੇ ਕਬਰਿਸਤਾਨ ਦੀ ਜਗ੍ਹਾ ਇੱਕ ਜਗ੍ਹਾ ਕਬਰਿਸਤਾਨ ਬਣਾਉਣ ਲਈ ਜ਼ਮੀਨ ਅਲਾਟ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਵਾਸਤੇ ਮਿਤੀ ਬੱਧ ਸਮੇਂ ਅੰਦਰ ਕਦੋਂ ਤੱਕ ਜ਼ਮੀਨ ਅਲਾਟ ਕਰ ਦਿੱਤੀ ਜਾਵੇਗੀ?

———

## ਬਟਾਲਾ ਵਿਖੇ ਉਦਯੋਗਾਂ ਨੂੰ ਦੁਬਾਰਾ ਵਿਕਸਿਤ ਕਰਨਾ

***834. (ਸੀ.ਯੂ.) ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਟਾਲਾ ਸ਼ਹਿਰ ਨੂੰ ਉਦਯੋਗਿਕ ਪੱਖੋਂ ਵਿਕਸਿਤ (Promote) ਕਰਨ ਲਈ ਕੋਈ ਵਿਸ਼ੇਸ਼ ਪੈਕੇਜ/ਯੋਜਨਾ ਉਲੀਕੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਬਾਰੇ ਕਦੋਂ ਤੱਕ ਲੋੜੀਂਦੀ ਕਾਰਵਾਈ ਕਰ ਦਿੱਤੀ ਜਾਵੇਗੀ?

———

## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਤੇ ਬਟਾਲਾ ਸ਼ਹਿਰ ਲਈ ਅਲਾਟ ਕੀਤੇ ਫੰਡਾਂ ਦੇ ਵੇਰਵੇ

***835. (ਸੀ.ਯੂ.) ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪਾਵਨ ਪ੍ਰਕਾਸ਼ ਦਿਹਾੜੇ ਤੇ ਵੱਖ-ਵੱਖ ਕਾਰਜਾਂ ਲਈ ਅਲਾਟ ਕੀਤੇ ਗਏ ਫੰਡਜ਼ ਵਿੱਚ ਕੋਈ ਫੰਡਜ਼ ਬਟਾਲਾ ਸ਼ਹਿਰ ਲਈ ਵੀ ਅਲਾਟ ਕੀਤੇ ਗਏ; ਜੇਕਰ ਕੀਤੇ ਗਏ ਸਨ ਤਾਂ ਕਿਹੜੇ-ਕਿਹੜੇ ਕਾਰਜ ਲਈ ਅਤੇ ਕਿੰਨੇ-ਕਿੰਨੇ;

ਅ) ਕੀ ਇਨ੍ਹਾਂ ਫੰਡਜ਼ ਨੂੰ ਉਨ੍ਹਾਂ ਕਾਰਜਾਂ ਲਈ ਹੀ ਵਰਤਿਆ ਗਿਆ ਜਿਸ ਲਈ ਇਹ ਅਲਾਟ ਹੋਏ ਸਨ ਜਾਂ ਇਨ੍ਹਾਂ ਫੰਡਜ਼ ਨੂੰ ਕਿਸੇ ਹੋਰ ਕੰਮਾਂ ਲਈ ਡਾਈਵਰਟ ਕੀਤਾ ਗਿਆ;

ੲ) ਕੀ ਜਿਨ੍ਹਾਂ ਕਾਰਜਾਂ ਲਈ ਫੰਡਜ਼ ਅਲਾਟ ਕੀਤੇ ਗਏ ਸਨ, ਉਹ ਪੂਰੇ ਹੋ ਗਏ ਹਨ;

ਸ) ਕੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ 550 ਸਾਲਾ ਪਾਵਨ ਪ੍ਰਕਾਸ਼ ਦਿਵਸ ਤੇ ਕੇਂਦਰ ਵੱਲੋਂ ਅਲਾਟ ਕੀਤੇ ਗਏ ਫੰਡਜ਼ ਵਿੱਚੋਂ ਵੀ ਬਟਾਲਾ ਸ਼ਹਿਰ ਲਈ ਫੰਡਜ਼ ਐਲੋਕੇਟ ਕੀਤੇ ਗਏ ਸਨ; ਵੇਰਵੇ ਸਹਿਤ ਦੱਸਿਆ ਜਾਵੇ?

———

## ਬਟਾਲਾ ਸ਼ਹਿਰ ਦੀਆਂ ਇਤਿਹਾਸਿਕ ਯਾਦਗਾਰਾਂ/ਅਸਥਾਨਾਂ ਦਾ ਨਵੀਨੀਕਰਨ ਕਰਨਾ

***836. (ਸੀ.ਯੂ.) ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.:–** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਸਰਕਾਰ ਬਟਾਲਾ ਸ਼ਹਿਰ ਦੀ ਇਤਿਹਾਸਿਕ ਮਹੱਤਤਾ ਦੇ ਮੱਦੇ ਨਜ਼ਰ ਇਸ ਦੀਆਂ ਬਹੁਤ ਹੀ ਮਹੱਤਵਪੂਰਨ ਤੇ ਇਤਿਹਾਸਿਕ ਯਾਦਗਾਰਾਂ/ਅਸਥਾਨਾਂ ਦੀ ਸਾਂਭ–ਸੰਭਾਲ ਕਰਨ ਅਤੇ ਇਨ੍ਹਾਂ ਦਾ ਨਵੀਨਕਰਨ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ;

ਅ) ਕੀ ਸਰਕਾਰ ਬਟਾਲਾ ਸ਼ਹਿਰ ਨੂੰ ਰਾਸ਼ਟਰੀ ਅਤੇ ਅੰਤਰਾਸ਼ਟਰੀ ਨਕਸ਼ੇ ਤੇ ਉਭਾਰਨ ਲਈ ਕੋਈ ਵਿਸ਼ੇਸ਼ ਯੋਜਨਾ ਕਰੇਗੀ ਤਾਂ ਕਿ ਇਸ ਨੂੰ ਸੱਭਿਆਚਾਰਕ, ਧਾਰਮਿਕ ਅਤੇ ਸੈਰ ਸਪਾਟੇ ਦੇ ਤੌਰ ਤੇ ਵਿਕਸਿਤ ਕੀਤਾ ਜਾ ਸਕੇ?

———

## ਸਰਕਾਰੀ ਕਾਲਜਾਂ ਵਿੱਚ ਪੜਾਉਂਦੇ ਯੋਗ ਗੈਸਟ ਫੈਕਲਟੀ ਦੀਆਂ ਸਹੁਲਤਾਂ ਵਿੱਚ ਵਾਧਾ ਕਰਨਾ

***839. (ਸੀ.ਯੂ.) ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰੀ ਕਾਲਜਾਂ ਵਿੱਚ ਪੜਾਉਂਦੇ ਯੋਗ ਗੈਸਟ ਫੈਕਲਟੀ (NET ਜਾਂ Ph.d) ਜੋ ਪ੍ਰੋਪਰ ਚੈਨਲ ਰਾਹੀਂ ਆਏ ਹਨ ਉਨ੍ਹਾਂ ਨੂੰ ਪੱਕਾ ਕਰਨਾ ਜਾਂ ਉਨ੍ਹਾਂ ਦੀ ਸਹੁਲਤਾਂ ਵਿੱਚ ਹੋਰ ਕੋਈ ਵਾਧਾ ਕਰਨ ਦੀ ਸਰਕਾਰ ਯੋਜਨਾ ਬਣਾ ਰਹੀ ਹੈ;

ਅ) ਕੀ ਗੈਸਟ ਫੈਕਲਟੀ ਦੇ ਠਹਿਰਾਓ ਦਾ ਸਮਾਂ ਵੀ ਰੈਗੂਲਰ ਸਟਾਫ ਦੀ ਤਰ੍ਹਾਂ 9 ਤੋਂ 3:40 ਹੈ ਤੇ ਉਨ੍ਹਾਂ ਤੋਂ ਰੈਗੂਲਰ ਸਟਾਫ ਦੀ ਤਰਾਂ ਕੰਮ ਲਿਆ ਜਾ ਸਕਦਾ ਹੈ;

ੲ) ਕੀ ਗੈਸਟ ਫੈਕਲਟੀ ਦੀ ਤਨਖਾਹ ਦੋ ਜਾਂ ਤਿੰਨ ਮਹੀਨਿਆਂ ਬਾਅਦ ਦਿੱਤੀ ਜਾਂਦੀ ਹੈ ਜੇਕਰ ਹਾਂ ਤਾਂ ਕਦੋਂ ਤੋਂ ਹਰ ਮਹੀਨੇ ਦਿੱਤੇ ਜਾਣ ਦੀ ਸੰਭਾਵਨਾ ਹੈ;

ਸ) ਕੀ ਗੈਸਟ ਫੈਕਲਟੀ ਲਈ Transfer Policy ਬਣਾਈ ਜਾ ਸਕਦੀ ਹੈ;

ਹ) ਕੀ ਗੈਸਟ ਫੈਕਲਟੀ ਨੂੰ ਪੀ.ਟੀ.ਏ. (Parents Teacher Association) ਵਿੱਚੋਂ ਕੱਢ ਕੇ ਸਰਕਾਰੀ ਖਜਾਨੇ ਨਾਲ ਸਿੱਧਾ ਜ਼ੋੜਿਆ ਜਾ ਸਕਦਾ ਹੈ?

———

## ਸਥਾਨਕ ਨਗਰ ਕੌਂਸਲਾਂ ਜਾਂ ਨਗਰ ਨਿਗਮਾਂ ਵਿੱਚ TS ਰਜਿਸਟਰ ਮੇਨਟੇਨ ਕਰਨਾ

***841. (ਸੀ.ਯੂ.) ਸਰਦਾਰ ਜਗਰੂਪ ਸਿੰਘ ਗਿੱਲ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) 2014 ਤੋਂ ਪਹਿਲਾਂ ਸਥਾਨਕ ਨਗਰ ਕੌਂਸਲਾਂ ਜਾਂ ਨਗਰ ਨਿਗਮਾਂ ਵਿੱਚ TS ਰਜਿਸਟਰ ਮੇਨਟੇਨ ਕੀਤਾ ਜਾਂਦਾ ਸੀ ਜਿਸ ਵਿੱਚ ਮਾਲਕ ਦਾ ਨਾਮ ਕਿਰਾਏ ਦਾਰ ਦਾ ਨਾਮ ਜਾ ਕਿਰਾਏ ਤੋਂ ਆਮਦਨ ਦਰਜ ਸੀ ਅਤੇ ਇਸ ਦੀ ਵਰਤੋਂ ਮਾਲਕੀ ਵਜੋਂ ਰਜਿਸਟਰੀ ਕਰਵਾਉਣ ਸਮੇਂ ਅਤੇ ਬੈਂਕ ਲੋਨ ਦੇ ਲਈ ਭੀ ਮਾਲਕੀ ਵਜੋਂ ਮੰਨੀ ਜਾਂਦੀ ਸੀ, ਪ੍ਰੰਤੂ ਹੁਣ 2014 ਤੋਂ ਬਾਅਦ PT ਲਾਗੂ ਕੀਤਾ ਗਿਆ ਹੈ ਜਿਸ ਦਾ ਕੋਈ ਵੀ ਰਿਕਾਰਡ ਮਹਿਕਮਾ ਨਹੀਂ ਕਰਦਾ;

ਅ) ਕੀ ਸਰਕਾਰ TS ਰਜਿਸਟਰ ਦੋਬਾਰਾ ਲਾਗੂ ਕਰਨ ਤੇ ਵਿਚਾਰ ਕਰੇਗੀ?

———

## ਅਵਾਰਾ ਪਸ਼ੂਆਂ ਲਈ ਓਪਨ ਗਊਸਾਲਾਵਾਂ ਬਣਾਉਣਾ

***842. (ਸੀ.ਯੂ.) ਸਰਦਾਰ ਜਗਰੂਪ ਸਿੰਘ ਗਿੱਲ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਅਵਾਰਾ ਪਸ਼ੂਆਂ ਨਾਲ ਬਹੁਤ ਹਾਦਸੇ ਹੋ ਰਹੇ ਹਨ ਪ੍ਰੰਤੂ ਗਊਸ਼ਾਲਾਵਾਂ ਕੋਲ ਇੰਨੀ ਸਮਰਥਾ ਨਹੀਂ ਕਿ ਉਹ ਸਾਰੇ ਪੰਜਾਬ ਦੇ ਅਵਾਰਾ ਪਸ਼ੂਆਂ ਦੀ ਸੰਭਾਲ ਕਰ ਸਕੇ;

ਅ) ਕੀ ਸਰਕਾਰ ਪਸ਼ੂ ਪਾਲਣ ਵਿਭਾਗ ਅਤੇ ਜੰਗਲਾਤ ਵਿਭਾਗ ਦੀ ਸਮੂਲੀਅਤ ਨਾਲ ਓਪਨ ਗਊਸ਼ਾਲਾਵਾਂ ਬਣਾਉਣ ਦਾ ਵਿਚਾਰ ਰਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

———

## ਜਿਲ੍ਹਾ ਗੁਰਦਾਸਪੁਰ ਵਿੱਚ ਨਵਾਂ ਸਰਕਾਰੀ ਮੈਡੀਕਲ ਕਾਲਜ ਖੋਲ੍ਹਣਾ

***844. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਸਰਕਾਰ ਵੱਲੋਂ ਕੁੱਲ ਕਿੰਨੇ ਨਵੇਂ ਮੈਡੀਕਲ ਕਾਲਜ ਖੋਲ੍ਹੇ ਜਾ ਰਹੇ ਹਨ;

ਅ) ਕੀ ਜਿਲ੍ਹਾ ਗੁਰਦਾਸਪੁਰ ਵਿੱਚ ਵੀ ਕੋਈ ਨਵਾਂ ਸਰਕਾਰੀ ਮੈਡੀਕਲ ਕਾਲਜ ਖੋਲ੍ਹੇ ਜਾਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਸਦੇ ਵੇਰਵੇ ਦਿੱਤੇ ਜਾਣ?

———

## ਲੁਧਿਆਣਾ ਸ਼ਹਿਰ ਵਿੱਚੋਂ ਨਿਕਲਦੇ ਬੁੱਢੇ ਨਾਲੇ ਦੇ ਦੋਵੇਂ ਪਾਸੇ ਸੜਕ ਬਣਾਉਣਾ

***847. (ਸੀ.ਯੂ.) ਸਰਦਾਰ ਦਲਜੀਤ ਸਿੰਘ ਭੋਲਾ ਗਰੇਵਾਲ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਸ਼ਹਿਰ ਦੇ ਵਿੱਚੋਂ ਨਿਕਲਦੇ ਬੁੱਢੇ ਨਾਲੇ ਦੇ ਆਸ ਪਾਸ ਐਨਕਰੋਚਮੈਂਟ ਹੋਈ ਪਈ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਐਨਕਰੋਚਮੈਂਟ ਨੂੰ ਹਟਾ ਕੇ ਬੁੱਢੇ ਨਾਲੇ ਦੇ ਦੋਵੇਂ ਪਾਸੇ ਸੜਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਜੋ ਬੁੱਢੇ ਨਾਲੇ ਦਾ ਸੁੰਦਰੀਕਰਨ ਹੋ ਸਕੇ ਅਤੇ ਟ੍ਰੈਫਿਕ ਦੀ ਸਮੱਸਿਆਂ ਤੋਂ ਵੀਂ ਨਿਜਾਤ ਪਾਈ ਜਾ ਸਕੇ; ਜੇਕਰ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

———

## ਕਸਬਾ ਗੜਦੀਵਾਲ ਦੀ ਡਿਸਪੈਂਸਰੀ ਨੂੰ ਅੱਪਗ੍ਰੇਡ ਕਰਨਾ

***848. (ਸੀ.ਯੂ.) ਸਰਦਾਰ ਜਸਵੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਉੜਮੁੜ ਦੇ ਕਸਬਾ ਗੜਦੀਵਾਲ ਵਿਖੇ ਜੋ ਡਿਸਪੈਂਸਰੀ ਬਣੀ ਹੈ, ਉਸਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਐਸ.ਏ.ਐਸ. ਨਗਰ ਵਿਖੇ ਅਲਾਟ ਕੀਤੀ ਜਗ੍ਹਾ ਤੇ ਕਾਲਜ ਦੀ ਬਿਲਡਿੰਗ ਦੀ ਉਸਾਰੀ ਕਰਨਾ

***849. (ਸੀ.ਯੂ.) ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:–** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਏ.ਐਸ. ਨਗਰ ਵਿਖੇ ਸਰਕਾਰ ਵੱਲੋਂ ਡਾ. ਬੀ.ਆਰ. ਅੰਬੇਦਕਰ ਕਾਲਜ਼ ਦੀ ਸਥਾਪਨਾ ਕੀਤੀ ਗਈ ਹੈ ਅਤੇ ਇਹ ਕਾਲਜ਼ ਇਸ ਸਮੇਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਫ਼ੇਜ਼-6 ਐਸ.ਏ.ਐਸ. ਨਗਰ ਦੀ ਇਮਾਰਤ ਵਿੱਚ ਚਲ ਰਿਹਾ ਹੈ ਅਤੇ ਉੱਥੇ ਜਗ੍ਹਾ ਬਹੁਤ ਘੱਟ ਹੋਣ ਕਾਰਨ ਇਸ ਕਾਲਜ਼ ਲਈ ਨਵੀਂ ਬਿਲਡਿੰਗ ਦੀ ਉਸਾਰੀ ਲਈ ਗਮਾਡਾ ਵੱਲੋਂ ਸੈਕਟਰ-81, ਐਸ.ਏ.ਐਸ. ਨਗਰ ਵਿਖੇ ਲਗਭੱਗ 25 ਏਕੜ ਜਗ੍ਹਾ ਦਿੱਤੀ ਜਾ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਅਲਾਟ ਕੀਤੀ ਜਗ੍ਹਾ ਤੇ ਬਿਲਡਿੰਗ ਦੀ ਉਸਾਰੀ ਕਦੋਂ ਤੱਕ ਮੁਕੰਮਲ ਕਰਕੇ ਕਾਲਜ਼ ਨੂੰ ਨਵੀਂ ਬਿਲਡਿੰਗ ਵਿੱਚ ਸ਼ਿਫ਼ਟ ਕਰ ਦਿੱਤਾ ਜਾਵੇਗਾ?

———

## ਚੰਡੀਗੜ੍ਹ ਦੀ ਤਰਜ਼ ਤੇ SAS ਨਗਰ ਮੋਹਾਲੀ ਦੇ ਹਰ ਸੈਕਟਰ ਵਿੱਚ ਸਰਕਾਰੀ ਸਕੂਲ ਬਣਾਉਣਾ

***850. (ਸੀ.ਯੂ.) ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਏ.ਐਸ. ਨਗਰ ਨੂੰ ਚੰਡੀਗੜ੍ਹ ਦੀ ਤਰਜ ਤੇ ਵਸਾਇਆ ਗਿਆ ਹੈ ਅਤੇ ਚੰਡੀਗੜ੍ਹ ਦੇ ਹਰ ਸੈਕਟਰ ਵਿੱਚ ਸਰਕਾਰੀ ਹਾਈ ਸਕੂਲ ਹਨ ਪ੍ਰੰਤੂ ਐਸ.ਏ.ਐਸ. ਨਗਰ ਵਿਖੇ ਸਿਰਫ 7 ਹੀ ਸਰਕਾਰੀ ਹਾਈ ਸਕੂਲ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਚੰਡੀਗੜ੍ਹ ਦੀ ਤਰਜ ਤੇ ਐਸ.ਏ .ਐਸ. ਨਗਰ ਵਿਖੇ ਹਰ ਸੈਕਟਰ ਵਿੱਚ ਸਰਕਾਰੀ ਸਕੂਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਅਮਲ ਵਿੱਚ ਲਿਆਂਦਾ ਜਾਵੇਗਾ?

———

## ਪੰਜਾਬ ਦੀਆਂ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਸਰਕਾਰ ਵੱਲੋਂ ਮਿਲਦੀਆਂ ਵਿੱਤੀ ਅਤੇ ਹੋਰ ਸਹੂਲਤਾਂ ਦੇਣਾ

***851. (ਸੀ.ਯੂ.) ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:–** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਸਰਕਾਰ ਵੱਲੋਂ ਕਿਹੜੀਆਂ–ਕਿਹੜੀਆਂ ਵਿੱਤੀ ਅਤੇ ਹੋਰ ਸਹੂਲਤਾਂ ਅਤੇ ਸਰਕਾਰ ਦੇ ਵੱਖ–ਵੱਖ ਬੋਰਡਾਂ, ਕਾਰਪੋਰੇਸ਼ਨਾਂ ਅਤੇ ਹੋਰ ਅਦਾਰਿਆਂ ਵਿੱਚ ਕਿਹੜੇ–ਕਿਹੜੇ ਸਬਸਿਡੀ ਲਿੰਕ ਲਾਭ ਦਿੱਤੇ ਜਾ ਰਹੇ ਹਨ;

ਅ) ਕੀ ਸਰਕਾਰ ਵੱਲੋਂ ਕੋਈ ਅਜਿਹਾ ਵੈਬ ਪੋਰਟਲ ਬਣਾਇਆ ਗਿਆ ਹੈ ਜਿਸ ਰਾਹੀਂ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਕੀਮਾਂ/ਸਬਸਿਡੀਆਂ/ਹੋਰ ਸਹੂਲਤਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ; ਜੇਕਰ ਨਹੀਂ ਤਾਂ ਕੀ ਨੇੜਲੇ ਭਵਿੱਖ ਵਿੱਚ ਅਜਿਹਾ ਕੋਈ ਪੋਰਟਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

———

## ਜ਼ਮੀਨ ਦੀ ਰਜਿਸ਼ਟਰੀ ਹੋਣ ਤੋਂ ਬਾਅਦ ਇੰਤਕਾਲ ਦਾ ਸਮਾਂ ਨਿਸ਼ਚਿਤ ਕਰਨਾ

***852. (ਸੀ.ਯੂ.) ਡਾ. ਕਸ਼ਮੀਰ ਸਿੰਘ ਸੋਹਲ ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਮੀਨ ਦੀ ਰਜਿਸ਼ਟਰੀ ਹੋਣ ਤੋਂ ਬਾਅਦ ਕਿੰਨੇ ਸਮੇਂ ਵਿੱਚ ਇੰਤਕਾਲ ਹੋਣਾ ਚਾਹੀਦਾ ਹੈ ਅਤੇ ਜਦੋਂ ਇੰਤਕਾਲ ਦੀ ਫੀਸ ਰਜਿਸ਼ਟਰੀ ਨਾਲ ਜਮ੍ਹਾਂ ਹੁੰਦੀ ਹੈ ਉਦੋਂ ਤੋਂ ਰਜਿਸ਼ਟਰੀ ਹੋਣ ਤੋਂ ਬਾਅਦ ਪੰਜਾਬ ਵਿੱਚ ਕਿੰਨੇ ਪ੍ਰਤੀਸ਼ਤ ਇੰਤਕਾਲ ਸਮੇਂ ਸਿਰ ਹੋਏ ਹਨ?

-------

## ਸੂਬੇ ਵਿੱਚ ਨਹਿਰਾਂ ਦੀ ਸਫਾਈ ਦਾ ਪ੍ਰਬੰਧ ਕਰਨਾ

***854. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਸੂਬੇ ਵਿੱਚ ਨਹਿਰਾਂ ਦੀ ਸਫਾਈ ਲਈ ਕੋਈ ਕਦਮ ਚੁੱਕ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਨਹਿਰੀ ਪਾਣੀ ਨੂੰ ਸਾਲ ਵਿੱਚ ਕਈ ਵਾਰ ਬੰਦ ਕਰ ਦਿੱਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਇਸਦੇ ਕੀ ਕਾਰਨ ਹਨ ਅਤੇ ਇਹ ਕਦੋਂ ਕਦੋਂ ਤੱਕ ਬੰਦ ਕੀਤਾ ਜਾਂਦਾ ਹੈ?

-------

## ਹਲਕਾ ਬਾਬਾ ਬਕਾਲਾ ਸਾਹਿਬ ਵਿਖੇ ਨਹਿਰੀ ਪਾਣੀ ਨੂੰ ਪਿੰਡਾਂ ਤੱਕ ਪਹੁੰਚਾਉਣਾ

***855. (ਸੀ.ਯੂ.) ਸਰਦਾਰ ਦਲਬੀਰ ਸਿੰਘ ਟੌਂਗ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬਾਬਾ ਬਕਾਲਾ ਸਾਹਿਬ ਵਿੱਚ ਨਹਿਰੀ ਪਾਣੀ ਦੀ ਸਿੰਚਾਈ ਲਈ ਜ਼ੋ ਸਰਕਾਰੀ ਆੜ ਖਾਲ ਵਾਹ ਲਏ ਗਏ ਜਾ ਕਬਜੇ ਹੇਠ ਹਨ ਉਹਨਾਂ ਨੂੰ ਛੁਡਵਾਉਣ ਦੇ ਕੋਈ ਪ੍ਰਬੰਧ ਕੀਤੇ ਜਾ ਰਹੇ ਹਨ; ਜੇਕਰ ਕੀਤੇ ਜਾ ਰਹੇ ਹਨ ਤਾਂ ਕਿੰਨੇ ਸਮੇਂ ਤੱਕ ਨਹਿਰੀ ਸਿੰਚਾਈ ਦੇ ਸਾਰੇ ਕੰਮ ਨੂੰ ਕਾਮਯਾਬ ਕੀਤਾ ਜਾ ਸਕਦਾ ਹੈ?

———————

## ਹਲਕਾ ਮਜੀਠਾ ਅਧੀਨ ਪੈਂਦੇ ਪਿੰਡਾਂ ਦੀਆਂ ਸੜਕਾਂ ਦੀ ਰਿਪੇਅਰ ਕਰਨਾ

***856. (ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮਜੀਠਾ ਅਧੀਨ ਪੈਂਦੇ ਪਿੰਡ ਚਵਿੰਡਾ ਦੇਵੀ ਤੋਂ ਪਿੰਡ ਕੈਰੋਨੰਗਲ ਤੱਕ ਲਿੰਕ ਰੋਡ (ਲੰਬਾਈ 2.60 ਕਿਲੋਮੀਟਰ) ਅਤੇ ਪਿੰਡ ਪਤਾਲਪੁਰੀ ਤ੍ਹੋਂ ਪਿੰਡ ਖਰਾਸਵਾਲਾ ਤੱਕ ਲਿੰਕ ਰੋਡ (ਲੰਬਾਈ 1.28 ਕਿਲੋਮੀਟਰ) ਦੀ ਸਾਲ 2015 ਤੋਂ ਬਾਅਦ ਰਿਪੇਅਰ ਨਾ ਹੋਣ ਕਾਰਨ ਇਨ੍ਹਾਂ ਸੜਕਾਂ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੋ ਚੁੱਕੀ ਹੈ ਅਤੇ ਲੋਕਾਂ ਨੂੰ ਆਉਣ ਜਾਣ ਵਿੱਚ ਭਾਰੀ ਅਸੁਵਿਧਾ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇੰਨਾਂ ਲੰਮਾਂ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਇਨ੍ਹਾਂ ਸੜਕਾਂ ਦੀ ਰਿਪੇਅਰ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਸੜਕਾਂ ਦੀ ਰਿਪੇਅਰ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

———————

## ਹਲਕਾ ਮਜੀਠਾ ਦੇ ਪਿੰਡ ਭੋਮਾਂ ਵਿੱਚ ਲਗਾਈ ਮੀਟ ਫੈਕਟਰੀ ਕਾਰਨ ਫ਼ੈਲੇ ਪ੍ਰਦੂਸ਼ਣ ਨੂੰ ਰੋਕਣਾ

***857. (ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮਜੀਠਾ ਦੇ ਪਿੰਡ ਭੋਮਾਂ ਵਿੱਚ ਨਹਿਰ ਦੇ ਨੇੜੇ ਇੱਕ ਵਿਆਕਤੀ ਵੱਲੋਂ ਮੀਟ ਫੈਕਟਰੀ ਦੀ ਬਿਲਡਿੰਗ ਦੀ ਉਸਾਰੀ ਕਰਕੇ ਕੰਮ ਵੀ ਸ਼ੁਰੂ ਕਰ ਦਿਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਲਾਗਲੇ ਪਿੰਡਾਂ ਵਿਚ ਪ੍ਰਦੂਸ਼ਣ ਫ਼ੈਲਣ ਅਤੇ ਵਾਤਾਵਰਣ ਗੰਧਲਾ ਹੋਣ ਦੇ ਖ਼ਦਸ਼ੇ ਕਾਰਨ ਇਲਾਕੇ ਦੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋਣ ਤੋਂ ਰੋਕਣ ਲਈ ਸਰਕਾਰ ਵੱਲੋਂ ਕੋਈ ਕਾਰਵਾਈ ਕੀਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

\-------

## ਪਿੰਡ ਭੋਮਾ ਬਲਾਕ ਮਜੀਠਾ ਅੰਮ੍ਰਿਤਸਰ ਵਿਖੇ ਸਰਕਾਰੀ ਡਿਸਪੈਂਸਰੀ ਦੀ ਸਹੂਲਤ ਦੇਣਾ

***858. (ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਪਿੰਡ ਭੋਮਾ, ਬਲਾਕ ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ) ਜਿਸ ਦੀ ਅਬਾਦੀ ਕਰੀਬ ਚਾਰ ਹਜ਼ਾਰ ਹੈ ਵਿੱਚ ਕੋਈ ਵੀ ਸਰਕਾਰੀ ਡਿਸਪੈਂਸਰੀ ਨਾ ਹੋਣ ਕਾਰਨ ਇੱਥੋਂ ਦੇ ਬਹੁਤ ਸਾਰੇ ਮਰੀਜਾਂ ਨੂੰ ਆਪਣੇ ਇਲਾਜ਼ ਲਈ ਦੋ ਕਿਲੋਮੀਟਰ ਦੂਰੀ ਤੇ ਪਿੰਡ ਵਡਾਲਾ ਦੀ ਸਰਕਾਰੀ ਡਿਸਪੈਂਸਰੀ, ਵਿੱਚ ਜਾਣਾ ਪੈਂਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਪਿੰਡ ਵਾਸੀਆਂ ਨੂੰ 24 ਘੰਟੇ ਸਿਹਤ ਸਹੂਲਤਾਂ ਕਰਵਾਉਣ ਲਈ ਉਥੇ ਸਰਕਾਰੀ ਡਿਸਪੈਂਸਰੀ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਕਰ ਹੈ ਤਾਂ ਕਦੋਂ ਤੱਕ?

\------

## ਸਿਧਵਾਂ ਕਨਾਲ ਦੇ ਨਾਲ-ਨਾਲ ਲੁਧਿਆਣਾ ਤੋਂ ਦੋਰਾਹਾ ਰੋਡ ਦੀ ਮੁਰੰਮਤ ਕਰਵਾਉਣਾ

***859. (ਸੀ.ਯੂ.)ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿੱਧਵਾਂ ਕਨਾਲ ਦੇ ਨਾਲ-ਨਾਲ ਲੁਧਿਆਣਾ ਤੋਂ ਦੋਰਾਹਾ ਰੋਡ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੋਣ ਕਰਕੇ ਇਸ ਸੜਕ ਦੀ ਮੁਰੰਮਤ ਜਾਂ ਨਵੀਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

------

## ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੀ ਏਡ ਨੂੰ ਦੁਬਾਰਾ 95 ਪ੍ਰਤੀਸ਼ਤ ਕਰਨਾ

***860. (ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:-** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਦੇ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਵਾਲੇ (ਏਡਿਡ) ਕਾਲਜਾਂ ਨੂੰ ਦਿੱਤੀ ਜਾਂਦੀ ਏਡ ਨੂੰ ਸਾਲ, 2016 ਵਿੱਚ 95% ਤੋਂ ਘਟਾ ਕੇ 75% ਕਰ ਦਿੱਤਾ ਗਿਆ ਸੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਅਜਿਹਾ ਕਰਨ ਦੇ ਵਿਸਥਾਰ ਪੂਰਵਕ ਕੀ ਕਾਰਨ ਸਨ ਅਤੇ ਕੀ ਅਜਿਹੇ ਕਾਲਜਾਂ ਦੀ ਏਡ ਨੂੰ ਮੁੜ ਤੋਂ 95% ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

------

## ਏਡਿਡ ਕਾਲਜਾਂ ਵਿੱਚ ਸੱਤਵੇਂ ਪੇ ਸਕੇਲਾਂ ਨੂੰ ਲਾਗੂ ਕਰਨਾ

***861. (ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:–** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਵੱਲੋਂ ਪਿਛਲੇ ਸਾਲ ਅਧਿਆਪਕ ਦਿਵਸ (5 ਸਤੰਬਰ,2022) ਮੌਕੇ ਤੇ ਰਾਜ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਨਾਲ ਉਨ੍ਹਾਂ ਨੂੰ October paid in November ਤਨਖ਼ਾਹ UGC ਦੇ ਸਤਵੇਂ ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਦੇਣ ਦੇ ਵਾਅਦੇ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਵੱਲੋਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਨਾਲ ਕੀਤੇ ਵਾਅਦੇ ਨੂੰ ਅਜੇ ਤੱਕ ਪੂਰਾ ਨਾ ਕਰਨ ਦੇ ਕੀ ਕਾਰਨ ਹਨ ਅਤੇ ਸਰਕਾਰ ਵੱਲੋਂ ਏਡਿਡ ਕਾਲਜਾਂ ਵਿੱਚ ਸੱਤਵੇਂ ਪੇ ਸਕੇਲਾਂ ਨੂੰ ਲਾਗੂ ਕਰਨ ਲਈ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

\-\-\-\-\-\-\-

## ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਕਾਲਜਾਂ ਵਿੱਚ ਸੈਲਫ ਫਾਈਨਾਂਸ ਸਟਾਫ ਨੂੰ ਏਡਿਡ ਅਸਾਮੀਆਂ ਵਿੱਚ ਬਦਲਣਾ

***862. (ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਸੂਬੇ ਦੇ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਵਾਲੇ (ਏਡਿਡ) ਕਾਲਜਾਂ ਦੀਆਂ ਮੈਨੇਜਮੈਂਟਾਂ ਤੋਂ ਵਿੱਤੀ ਬੋਝ ਨੂੰ ਹਲਕਾ ਕਰਨ ਅਤੇ ਹਾਇਰ ਐਜੁਕੇਸ਼ਨ ਦੇ ਮਿੱਥੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਏਡਿਡ ਕਾਲਜਾਂ ਵਿੱਚ ਸੈਲਫ ਫਾਈਨਾਂਸ ਸਟਾਫ ਨੂੰ ਏਡਿਡ ਅਸਾਮੀਆਂ ਵਿੱਚ ਬਦਲਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇ ਕਰ ਅਜਿਹਾ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

\-\-\-\-\-\-\-

## ਆਟਾ ਦਾਲ ਸਕੀਮ ਦੇ ਲਾਭਪਾਤਰੀਆਂ ਦੇ ਕੱਟੇ ਗਏ ਨੀਲੇ ਕਾਰਡ ਦੁਬਾਰਾ ਬਣਾਉਣਾ

***863. (ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:–** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਆਟਾ ਦਾਲ ਸਕੀਮ ਦੇ ਜਿਹੜੇ ਗਰੀਬ ਲਾਭਪਾਤਰੀਆਂ ਦੇ ਨੀਲੇ ਕਾਰਡ ਕਿਸੇ ਕਾਰਨ ਕੱਟੇ ਗਏ ਹਨ ਉਨ੍ਹਾਂ ਲੋਕਾਂ ਦੇ ਕਾਰਡ ਬਣਾਉਣ ਜਾਂ ਹੋਰ ਨਵੇਂ ਨੀਲੇ ਕਾਰਡ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

\-\-\-\-\-\-\-

## ਮੁੱਲਾਂਪੁਰ ਨੂੰ ਸਬ–ਡੀਵਜਨ ਬਣਾਉਣਾ

***864. (ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁੱਲਾਂਪੁਰ (ਜਿਲ੍ਹਾ ਲੁਧਿਆਣਾ) ਇਲਾਕੇ ਦੇ ਲੋਕਾਂ ਦੀ ਸੁਵਿਧਾ ਲਈ ਮੁੱਲਾਂਪੁਰ ਨੂੰ ਸਬ ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

\-\-\-\-\-\-\-

ਚੰਡੀਗੜ੍ਹ : **ਰਾਮ ਲੋਕ ਖਟਾਣਾ,**

ਮਿਤੀ 05 ਦਸੰਬਰ, 2023 ਸਕੱਤਰ,

ਪੰਜਾਬ ਵਿਧਾਨ ਸਭਾ।

11191/12–2023/50 ਕਾਪੀਆਂ/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ